# ਆਤਮ ਰੰਗ

ਜਿਲਦ ੨੪ ਅਕਤੂਬਰ 2023 ਅੱਸੂ-ਕੱਤਕ 555 ਨਾਨਕਸ਼ਾਹੀ October 2023 ਅੰਕ 10

## ਹਰਿ ਮੰਦਰੁ ਹਰਿ ਸਾਜਿਆ ਹਰਿ ਵਸੈ ਜਿਸੁ ਨਾਲਿ ॥



ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਜੋ ਕਿ ਸਾਰਾ ਸੰਸਾਰ 30 ਅਕਤੂਬਰ 2023 ਨੂੰ ਮਨਾ ਰਿਹਾ ਹੈ। ਇਸ ਸਾਲ ਵੀ ਹਰ ਸਾਲ ਦੀ ਤਰ੍ਹਾਂ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਲਾਨਾ ਅਖੰਡ ਕੀਰਤਨ ਸਮਾਗਮ ਮਿਤੀ 26 ਅਕਤੂਬਰ ਤੋਂ ਲੈ ਕੇ 31 ਅਕਤੂਬਰ ਸਵੇਰ ਤਕ ਅਖੰਡ ਕੀਰਤਨੀ ਜੱਥਾ, ਅੰਮ੍ਰਿਤਸਰ ਵੱਲੋਂ ਮਨਾਇਆ ਜਾ ਰਿਹਾ ਹੈ। ਸਮਾਗਮ ਦਾ ਵੇਰਵਾ ਪੰਨਾ ਨੰ. 35 ਤੇ ਹੈ। ਸੰਗਤਾਂ ਨੂੰ ਬੇਨਤੀ ਹੈ ਕਿ ਦਰਸ਼ਨ ਦੇ ਕੇ ਅਪਣਾ ਜੀਵਨ ਸਫਲਾ ਕਰਨ।

## ਜੋ ਜਨੁ ਕਰੈ ਕੀਰਤਨੁ ਗੋਪਾਲ ॥ ਤਿਸ ਕਉ ਪੋਹਿ ਨ ਸਕੈ ਜਸਕਾਲੁ ॥








ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 1947 ਦੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਕੇਂਦਰੀ ਸਲਾਨਾ ਅਖੰਡ ਕੀਰਤਨ ਸਮਾਗਮ, ਮਿਤੀ 12.08.2023 ਤੋਂ ਲੈ ਕੇ 15.08.2023 ਤਕ ਗੁਰਦੁਆਰਾ ਗੋਬਿੰਦ ਨਗਰ, ਅੰਬਾਲਾ ਛਾਉਣੀ ਵਿਖੇ ਅਖੰਡ ਕੀਰਤਨੀ ਜੱਥਾ, ਅੰਬਾਲਾ ਛਾਉਣੀ ਵੱਲੋਂ ਮਨਾਇਆ ਗਿਆ। ਇਸ ਅਵਸਰ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ। ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਦੇ ਗੁਰੂ ਘਰ ਦੀਆਂ ਖੁਸ਼ੀਆਂ ਲਈਆਂ।

ੴ ਠਾਕੁਰ ਗਾਈਐ ਆਤਮ ਰੰਗਿ ੴ

# ਆਤਮ ਰੰਗ

AKHAND KIRTANI JATHA (REGD.)

ਅਖੰਡ ਕੀਰਤਨੀ ਜਥਾ (ਰਜਿ.) ਵੱਲੋਂ
ਨਿਰੋਲ ਗੁਰਮਤਿ ਮਾਸਕ ਪੱਤਰ

ਆਤਮ ਰੰਗ ਹਰ ਮਹੀਨੇ ਦੀ ਆਖ਼ਰੀ ਮਿਤੀ ਨੂੰ ਡਿਸਪੈਚ ਹੁੰਦਾ ਹੈ।

ਜਿਲਦ ੨੪ | ਅਕਤੂਬਰ 2023 | ਅੱਸੂ-ਕੱਤਕ 555 ਨਾਨਕਸ਼ਾਹੀ | October 2023 | ਅੰਕ 10

**ਬਾਨੀ ਤੇ ਸਾਬਕਾ ਮੁੱਖ ਸੰਪਾਦਕ**



ਗੁਰਪੁਰਵਾਸੀ ਭਾਈ ਸਤਨਾਮ ਸਿੰਘ ਜੀ
ਚੰਡੀਗੜ੍ਹ

**ਮੁੱਖ ਸੰਪਾਦਕ**
ਭਾਈ ਮਨਪ੍ਰੀਤ ਸਿੰਘ, ਚੰਡੀਗੜ੍ਹ

**ਦਫ਼ਤਰ**
245, ਸੈਕਟਰ 35-ਏ, ਚੰਡੀਗੜ੍ਹ (ਇੰਡੀਆ)
ਫ਼ੋਨ ਅਤੇ ਵਟਸਐਪ : 98143-00245, 75289-00045
**E-mail :** atamrang3@gmail.com
**Website :** www.akjatamrangmagazine.org

**ਸਲਾਹਕਾਰ**
ਭਾਈ ਕੁਲਵੰਤ ਸਿੰਘ, ਕਾਕੀ ਪਿੰਡ
ਭਾਈ ਦਲਜੀਤ ਸਿੰਘ ਭੱਟੀ, ਲੁਧਿਆਣਾ
ਭਾਈ ਦਵਿੰਦਰ ਸਿੰਘ (ਡੀ.ਐਸ.ਪੀ.), ਚੰਡੀਗੜ੍ਹ
ਭਾਈ ਗੁਰਬੱਚਨ ਸਿੰਘ, ਦਿਆਲਪੁਰ
ਭਾਈ ਪ੍ਰਿਤਪਾਲ ਸਿੰਘ ਖਾਲਸਾ, ਅਨੰਦਪੁਰ ਸਾਹਿਬ
ਭਾਈ ਪਰਮਿੰਦਰ ਸਿੰਘ, ਮੋਗਾ/ਸ਼ਿਕਾਗੋ

**ਕਾਨੂੰਨੀ ਸਲਾਹਕਾਰ**
ਐਡਵੋਕੇਟ ਭਾਈ ਰਵਿੰਦਰ ਸਿੰਘ ਸੈਂਪਲਾ
ਐਡਵੋਕੇਟ ਭਾਈ ਬਲਜੀਤ ਸਿੰਘ ਖਾਲਸਾ

**ਚੰਦਾ :**

| | | | |
|---|---|---|---|
| ਸਾਲਾਨਾ ਮੈਂਬਰ, ਭਾਰਤ | 200/- ਰੁਪਏ | ਲਾਈਫ਼ ਮੈਂਬਰ, ਭਾਰਤ | 1,500/- ਰੁਪਏ |
| ਸਾਲਾਨਾ ਪ੍ਰਦੇਸ (ਏਅਰ) | 1,200/- ਰੁਪਏ | ਲਾਈਫ਼ ਮੈਂਬਰ ਪ੍ਰਦੇਸ | 12,000/- ਰੁਪਏ |

ਪ੍ਰਦੇਸੀ ਵੀਰ ਰਕਮ ਭੇਜਣ ਲੱਗਿਆਂ Collection Fee ਨਾਲ Add ਕਰਕੇ ਭੇਜਣ ਅਤੇ ਭਾਰਤ ਦੇ ਪਾਠਕ ਚੰਦੇ ਦੀ ਰਕਮ M.O. ਜਾਂ D.D. ਰਾਹੀਂ ਭੇਜਣ ਦੀ ਕ੍ਰਿਪਾਲਤਾ ਕਰਨ।

"This Gurmat Magazine contains Gurbani, please treat with respect."
**ਇਹ ਗੁਰਮਤਿ ਦਾ ਨਿਰੋਲ ਧਾਰਮਿਕ ਪੱਤਰ ਹੈ ਸਤਿਕਾਰ ਸਹਿਤ ਸੰਭਾਲੋ ਜੀ!**

'ਆਤਮ ਰੰਗ' ਵਿਚ ਛਪੇ ਲੇਖਾਂ ਦੇ ਵਿਚਾਰਾਂ ਨਾਲ (ਗੁਰਬਾਣੀ ਤੋਂ ਇਲਾਵਾ) ਸੰਸਥਾ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਭਾਈ ਮਨਪ੍ਰੀਤ ਸਿੰਘ ਮੁੱਖ ਸੰਪਾਦਕ, ਪ੍ਰਿੰਟਰ ਤੇ ਪਬਲਿਸ਼ਰ ਨੇ ਜੈ ਆਫਸੈੱਟ ਪ੍ਰਿੰਟਰਜ਼, 905 ਇੰਡਸਟ੍ਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਅਖੰਡ ਕੀਰਤਨੀ ਜਥਾ (ਰਜਿ.) ਚੰਡੀਗੜ੍ਹ, ਦਫ਼ਤਰ 245, ਸੈਕਟਰ 35-ਏ, ਚੰਡੀਗੜ੍ਹ ਤੋਂ ਪ੍ਰਕਾਸ਼ਤ ਕੀਤਾ।

# ਤਤਕਰਾ


- ਸੰਪਾਦਕੀ 5
- ਬਾਰਹ ਮਾਹ ਕਥਾ 6
  *– ਗੁਰਪੁਰਵਾਸੀ ਭਾਈ ਜੋਗਿੰਦਰ ਸਿੰਘ ਜੀ, ਤਲਵਾੜਾ*
- ਅਣਡਿੱਠੀ ਦੁਨੀਆ 7
  *– ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*
- ਜੀਵਨ ਬਿਉਰਾ ਸ੍ਰੀ ਗੁਰੂ ਰਾਮਦਾਸ ਜੀ 9
- ਗੁਰੂ ਰਾਮਦਾਸ ਜੀ ਤੇ ਅੰਮ੍ਰਿਤਸਰ 10
  *– ਪ੍ਰੋ. ਪ੍ਰਕਾਸ਼ ਸਿੰਘ ਜੀ*
- ਗੁਰੂ ਰਾਮਦਾਸ ਜੀ ਦੀ ਬਾਣੀ ਵਿੱਚ 'ਗੁਰੂ-ਪ੍ਰੀਤ' ਦਾ ਸੰਕਲਪ 16
  *– ਪ੍ਰਿੰ. ਕੁਲਦੀਪ ਸਿੰਘ ਜੀ ਹਉਰਾ*
- ਕਿਰਤ ਕਰਮ 19
  *– ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*
- ਮਾਇਆ ਦਾ ਪ੍ਰਭਾਵ ਤੇ ਏਸ ਤੋਂ ਛੁਟਕਾਰਾ 22
  *– ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*
- ਪੰਜ ਗਿਆਨ ਇੰਦਰਿਆਂ ਦੇ ਬਿਸਮਾਦੀ ਕੌਤਕ 23
  *– ਪ੍ਰਿੰਸੀਪਲ ਸੱਜਣ ਸਿੰਘ ਜੀ*
- ਸ੍ਰੀ ਗੁਰੂ ਅਗੰਦ ਸਾਹਿਬ ਜੀ 27
  *– ਭਾਈ ਦਵਿੰਦਰ ਸਿੰਘ ਜੀ, ਡੀ.ਐਸ.ਪੀ.*
- ਆਓ ਗੁਰੂ ਲੜ ਲੱਗੀਏ 30
  *– ਪ੍ਰੋ. ਹਰਬੰਸ ਸਿੰਘ ਜੀ*
- ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ 31

# *ਸੰਪਾਦਕੀ...*

ਇਸ ਸਾਲ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਦਿਵਸ 30 ਅਕਤੂਬਰ 2023 ਨੂੰ ਬੜੀ ਸ਼ਰਧਾ ਨਾਲ ਸਿਖ ਸੰਗਤਾਂ ਮਨਾ ਰਹੀਆਂ ਹਨ। ਸ੍ਰੀ ਅੰਮ੍ਰਿਤਸਰ (ਜਿਸ ਦਾ ਪੁਰਾਤਨ ਨਾਮ ਸਤਿਗੁਰੂ ਜੀ ਦੇ ਨਾਮ 'ਤੇ ਹੁੰਦਾ ਸੀ – ਰਾਮਦਾਸਪੁਰ) ਵਿਖੇ ਇਹ ਗੁਰਪੁਰਬ ਬਹੁਤ ਵੱਡੀ ਪੱਧਰ 'ਤੇ ਮਨਾਇਆ ਜਾਂਦਾ ਹੈ। ਨਗਰ ਕੀਰਤਨ ਰਾਹੀਂ ਸਮੁੱਚੀ ਨਗਰੀ ਸਤਿਗੁਰਾਂ ਨੂੰ ਆਪਣੀ ਭੈ-ਭਾਵਨੀ ਵਿਚ ਨਮਸਕਾਰ ਕਰਦੀ ਹੈ। ਹਰ ਜ਼ੁਬਾਨ 'ਤੇ 'ਧੰਨ ਗੁਰੂ ਰਾਮਦਾਸ ਜੀ' ਹੁੰਦਾ ਹੈ। ਇਸ ਨਗਰ ਨੂੰ ਗੁਰੂ ਪਾਤਸ਼ਾਹ ਨੇ ਸ੍ਰੀ ਗੁਰੂ ਅਮਰਦਾਸ ਜੀ ਦੇ ਹੁਕਮ ਅਨੁਸਾਰ ਵਸਾਇਆ ਸੀ। ਇਥੇ ਭੀੜੇ ਭੀੜੇ ਪੁਰਾਣੇ ਬਜ਼ਾਰ ਅਤੇ ਗਲੀਆਂ ਮੁਹੱਲੇ 16ਵੀਂ ਸ਼ਤਾਬਦੀ ਦੀ ਭਵਨ-ਉਸਾਰੀ ਕਲਾ ਵੱਲ ਸਾਡਾ ਧਿਆਨ ਖਿੱਚਦੇ ਹਨ। ਗੁਰੂ ਬਜ਼ਾਰ, ਗੁਰੂ ਕੇ ਮਹਿਲ, ਰਬਾਬੀਆਂ ਦੀ ਗਲੀ ਅਤੇ ਹੋਰ ਇਹੋ ਜਿਹੇ ਨਾਮ ਅਜੇ ਤਕ ਮੌਜੂਦ ਹਨ।

18ਵੀਂ ਸਦੀ ਦੇ ਬਿਖੜੇ ਸਮਿਆਂ ਦੌਰਾਨ ਸ੍ਰੀ ਅੰਮ੍ਰਿਤਸਰ ਵਿਖੇ ਖ਼ਾਲਸੇ ਦੀਆਂ ਮਿਸਲਾਂ ਦੇ ਉਤਾਰੇ ਹੁੰਦੇ ਸਨ। ਉਹਨਾਂ ਮਿਸਲਾਂ ਦੀਆਂ ਫ਼ੌਜਾਂ ਦੇ ਉਤਾਰੇ ਅਸਥਾਨਾਂ ਉੱਤੇ 'ਕਟੜੇ' ਬਣ ਗਏ। ਕੁਝ ਕੁ ਪ੍ਰਸਿੱਧ ਨਾਮ ਹੁਣ ਤਕ ਲਏ ਜਾਂਦੇ ਹਨ – ਕਟੜਾ ਜੈਮਲ ਸਿੰਘ, ਕਟੜਾ ਦਲ ਸਿੰਘ, ਕਟੜਾ ਆਹਲੂਵਾਲੀਆ, ਕਟੜਾ ਸ਼ੇਰ ਸਿੰਘ, ਕਟੜਾ ਬੱਘੀਆਂ, ਕਟੜਾ ਘਨਈਆ, ਕਟੜਾ ਕਰਮ ਸਿੰਘ, ਆਦਿ।

ਸਤਿਗੁਰਾਂ ਦੇ ਪ੍ਰਕਾਸ਼ ਦਿਵਸ ਨੂੰ ਮੁੱਖ ਰਖਦਿਆਂ ਕਈ ਸਾਲਾਂ ਤੋਂ ਰਾਤ੍ਰੀ ਸਮੇਂ ਕੀਰਤਨ ਦਰਬਾਰ ਹੁੰਦਾ ਹੈ, ਜਿਸ ਵਿਚ ਪੰਜਾਬ ਅਤੇ ਬਾਹਰੋਂ ਪ੍ਰਸਿੱਧ ਰਾਗੀ ਸਿੰਘਾਂ ਨੂੰ ਸੱਦੇ-ਪੱਤਰ ਭੇਜ ਕੇ ਗੁਰੂ ਰਾਮਦਾਸ ਜੀ ਦੀ ਬਾਣੀ ਨੂੰ ਨਿਰਧਾਰਤ ਰਾਗਾਂ ਰਾਹੀਂ ਗਾਇਨ ਕਰਵਾਇਆ ਜਾਂਦਾ ਹੈ। ਲਗਪਗ 30 ਕੁ ਜੱਥੇ ਇਸ ਕੀਰਤਨ ਦਰਬਾਰ ਵਿਖੇ ਹਾਜ਼ਰੀ ਭਰਦੇ ਹਨ। ਸੱਤੇ ਅਤੇ ਬਲਵੰਡ ਦੀ ਵਾਰ ਦੀ ਸੱਤਵੀਂ ਪਉੜੀ ਵਿਚ ਸ੍ਰੀ ਗੁਰੂ ਰਾਮਦਾਸ ਜੀ ਪ੍ਰਤੀ ਇਉਂ ਬਚਨ ਆਏ ਹਨ –

***ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ॥ ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ। ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ॥ ਅਟਲੁ ਅਥਾਹੁ ਅਤੋਲੁ ਤੂ ਤੇਰਾ ਅੰਤੁ ਨ ਪਾਰਾਵਾਰਿਆ॥ ਜਿਨ੍ਹੀ ਤੂੰ ਸੇਵਿਆ ਭਾਉ ਕਰਿ ਸੇ ਤੁਧੁ ਪਾਰਿ ਉਤਾਰਿਆ॥ ਲਬੁ ਲੋਭੁ ਕਾਮੁ ਕ੍ਰੋਧੁ ਮੋਹੁ ਮਾਰਿ ਕਢੇ ਤੁਧੁ ਸਪਰਵਾਰਿਆ॥ ਧੰਨੁ ਸੁ ਤੇਰਾ ਥਾਨੁ ਹੈ ਸਚੁ ਤੇਰਾ ਪੈਸਕਾਰਿਆ॥ ਨਾਨਕੁ ਤੂ ਲਹਣਾ ਤੂਹੈ ਗੁਰੁ ਅਮਰੁ ਤੂ ਵੀਚਾਰਿਆ॥ ਗੁਰੁ ਡਿਠਾ ਤਾਂ ਮਨੁ ਸਾਧਾਰਿਆ॥7॥ ਅੰਗ – 968***

ਇਸ ਪਉੜੀ ਵਿਚੋਂ ਕੁਝ ਕੁ ਗੁਰਮਤਿ ਦੇ ਸਿਧਾਂਤ ਸਪੱਸ਼ਟ ਹੁੰਦੇ ਹਨ –

1. ਦਸਾਂ ਜਾਮਿਆਂ ਵਿਚ ਇਕੋ ਗੁਰ-ਜੋਤਿ ਹਲੂਲ ਹੋ ਕੇ ਪ੍ਰਕਾਸ਼ ਕਰਦੀ ਰਹੀ ਹੈ। "ਹੇ ਗੁਰੂ ਰਾਮਦਾਸ! ਤੂੰ ਹੀ ਨਾਨਕ ਜੋਤਿ ਹੈਂ, ਤੂੰ ਭਾਈ ਲਹਿਣੇ ਵਿਚ ਗੁਰੂ ਅੰਗਦ ਦੇ ਰੂਪ ਵਿਚ ਪ੍ਰਗਾਸ ਹੋਇਆ। ਗੁਰੂ ਅਮਰਦਾਸ ਜੀ ਵਿਚ ਓਹੀ ਗੁਰੂ ਜੋਤਿ ਸੀ, ਜੋ ਹੁਣ ਤੁਹਾਡੇ ਵਿਚ ਹੈ। ਆਪ ਦੇ ਦੀਦਾਰ ਕਰ ਕੇ ਆਤਮਾ ਨੂੰ ਸੰਤੁਸ਼ਟੀ ਹੋਈ ਹੈ।"

2. ਦੂਜਾ ਸਿਧਾਂਤ ਇਹ ਸਾਹਮਣੇ ਆਉਂਦਾ ਹੈ ਕਿ ਦਸੇ ਗੁਰੂ ਵਿਅਕਤੀ ਅਕਾਲ ਪੁਰਖ ਦਾ ਹੀ ਸਰੂਪ ਸਨ। "ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥" (ਅੰਗ – 1408)। ਇਸ ਸਿਧਾਂਤ ਰਾਹੀਂ ਬ੍ਰਾਹਮਣਾਂ ਦੇ ਅਵਤਾਰਵਾਦ ਦੇ ਸਿਧਾਂਤ ਦਾ ਖੰਡਨ ਕੀਤਾ ਗਿਆ ਹੈ। ਵਿਸ਼ਨੂੰ ਦੇ 24 ਅਵਤਾਰ ਮੰਨੇ ਗਏ ਹਨ। ਇਹ ਗੱਲ ਹੁਣ ਤਕ ਹਿੰਦੂ ਸਮਾਜ ਦੇ ਧੁਰ ਅੰਦਰ ਵਸੀ ਹੋਈ ਹੈ। ਸਿਖ ਗੁਰੂ ਸਾਹਿਬਾਨ ਨੇ ਅਵਤਾਰਵਾਦ ਦਾ ਖੰਡਨ ਕਰਕੇ ਸਿਖ ਸੰਗਤਾਂ ਨੂੰ ਅਕਾਲ ਪੁਰਖ ਨਾਲ ਜੋੜਨ ਦਾ ਜਤਨ ਕੀਤਾ। ਇਸ ਲਈ "ਸਿਖੀ ਅਤੇ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ" ਤੋਂ ਸੇਧ ਮਿਲਦੀ ਹੈ ਕਿ ਸਤਿਗੁਰੂ ਅੰਤਰ ਆਤਮੇ ਅਕਾਲ ਪੁਰਖ ਨਾਲ ਅਭੇਦ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਉਸੇ ਲੜੀ ਵਿਚ ਸ਼ਬਦ-ਸਰੂਪ ਪਾਰਬ੍ਰਹਮ ਦਾ ਹੀ ਸਰੂਪ ਹਨ, ਜਿਨ੍ਹਾਂ ਦਾ ਸਮੁੱਚੇ ਸਿਖ ਜਗਤ ਵਿਚ ਉਸੇ ਭਾਵਨੀ ਨਾਲ ਸਤਿਕਾਰ ਹੁੰਦਾ ਹੈ, ਜਿਵੇਂ ਸਤਿਗੁਰੂ ਸਾਹਿਬਾਨ ਦੇ ਆਪਣੇ ਆਪਣੇ ਸਮੇਂ ਹੁੰਦਾ ਸੀ।

ਇਸ ਪਉੜੀ ਵਿਚ ਬੜੇ ਸਪੱਸ਼ਟ ਰੂਪ ਵਿਚ ਇਹ ਭੇਦ ਖੋਲ੍ਹਿਆ ਗਿਆ ਹੈ ਕਿ ਹੇ ਗੁਰੂ ਰਾਮਦਾਸ ਜੀ! ਅਕਾਲ ਪੁਰਖ ਨੇ ਆਪ ਹੀ ਤੁਹਾਡੀ ਸਿਰਜਨਾ ਕੀਤੀ ਅਤੇ ਆਪ ਹੀ ਤੁਹਾਡੀ ਤਰਬੀਅਤ ਕਰ ਕੇ ਗੁਰੂ ਪਦਵੀ ਦੇ ਲਾਇਕ ਬਣਾਇਆ (ਸਵਾਰਿਆ) ਅਤੇ ਇਹ ਇਕ ਕਰਾਮਾਤ ਨਾਲੋਂ ਘੱਟ ਨਹੀਂ ਕਿ ਉਨ੍ਹਾਂ ਆਪ ਹੀ ਤੁਹਾਡੇ ਅੰਦਰ ਗੁਰ-ਜੋਤਿ ਦਾ ਪ੍ਰਕਾਸ਼ ਕਰ ਦਿੱਤਾ। ਜਿਨ੍ਹਾਂ ਜਿਨ੍ਹਾਂ ਨੇ ਭੀ ਆਪ ਦੀ ਸੇਵਾ ਇਸ ਭੈ-ਭਾਵਨੀ ਵਿਚ ਰਹਿ ਕੇ ਕੀਤੀ, ਉਹ ਇਸ ਸੰਸਾਰ-ਸਾਗਰ ਤੋਂ ਪਾਰ ਹੋ ਗਏ। ਆਪ ਦਾ ਉਸਾਰਿਆ ਹੋਇਆ ਨਗਰ ਅਤੇ ਧਰਮਸਾਲ ਸਭ ਧੰਨ ਹਨ, ਅਤੇ ਆਪ ਦੀ ਚਾਰ-ਚੁਫੇਰੇ ਜੋ ਸੋਭਾ ਹੋ ਰਹੀ ਹੈ, ਇਹ ਸੱਚੇ ਵਾਹਿਗੁਰੂ ਜੀ ਦੀ ਸੋਭਾ ਦਾ ਹੀ ਪਸਾਰਾ ਹੈ।

ਅੱਜ ਭੀ ਅੰਮ੍ਰਿਤਸਰ ਨਗਰ ਦੇ ਹਿੰਦੂ ਅਤੇ ਸਿੱਖ ਗੁਰੂ ਰਾਮਦਾਸ ਜੀ ਨੂੰ ਭੈ-ਭਾਵਨੀ ਸਹਿਤ ਨਮਸਕਾਰਾਂ ਕਰਦੇ ਹਨ। ਚਾਰ ਚੁਫੇਰੇ ਧੰਨ ਗੁਰੂ ਰਾਮਦਾਸ, ਧੰਨ ਗੁਰੂ ਰਾਮਦਾਸ ਦੀਆਂ ਗੂੰਜਾਂ ਇਸ ਨਗਰ ਵਿਚ ਸੁਣਾਈ ਦੇਂਦੀਆਂ ਹਨ।

# ਬਾਰਹ ਮਾਹ ਕਥਾ

*[ਗੁਰਪੁਰਵਾਸੀ ਭਾਈ ਜੋਗਿੰਦਰ ਸਿੰਘ ਜੀ, ਤਲਵਾੜਾ]*

***ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ॥ ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥ ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ॥ ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ॥ ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ॥ ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ॥ ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ॥ ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ॥ ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ॥੯॥ ਅੰਗ - 134***

**ਅਰਥ**

ਕੱਤਕ ਮਹੀਨੇ ਦੁਆਰਾ ਗੁਰ-ਉਪਦੇਸ਼ ਕਰਦੇ ਹੋਏ ਸਤਿਗੁਰੂ ਜੀ ਫ਼ੁਰਮਾਉਂਦੇ ਹਨ ਕਿ ਜੀਵਾਂ ਨੂੰ ਆਪਣੇ ਕੀਤੇ ਕਰਮ ਹੀ ਹੰਢਾਉਣੇ (ਭੋਗਣੇ) ਪੈਂਦੇ ਹਨ, ਕਿਸੇ ਦੂਜੇ ਨੂੰ ਇਸ ਵਜੋਂ ਦੋਸ਼ ਦੇਣਾ ਉਚਿਤ (ਯੋਗ) ਨਹੀਂ।

ਪਰਮੇਸ਼ਰ (ਦੀ ਯਾਦ) ਤੋਂ ਭੁੱਲਣ ਕਰਕੇ ਸਾਰੇ ਰੋਗ-ਸੋਗ (ਜੀਵ ਨੂੰ) ਆ ਦਬਾਉਂਦੇ ਹਨ, ਭਾਵ ਉਸ ਉੱਤੇ ਭਾਰੂ ਹੋ ਜਾਂਦੇ ਹਨ।

ਸਰਬ ਵਿਆਪਕ ਰਾਮ ਤੋਂ ਬੇਮੁਖ ਹੋਣ ਕਰਕੇ ਉਸ ਨਾਲੋਂ ਕਈ ਜਨਮਾਂ ਦੇ ਲੰਮੇ ਵਿਛੋੜੇ ਪੈ ਜਾਂਦੇ ਹਨ।

(ਮਨੁੱਖ ਦੇ ਏਥੋਂ ਚਲਾਣੇ ਦੇ ਸਮੇਂ) ਜਿੰਨੇ ਵੀ ਮਾਇਕੀ ਰਸ-ਭੋਗ (ਚਸਕੇ) ਉਸ ਨੇ ਜੀਵਨ ਵਿਚ ਮਿੱਠੇ ਕਰਕੇ ਭੋਗੇ ਹੁੰਦੇ ਹਨ (ਜਮ-ਦੂਤਾਂ ਦੀ ਕ੍ਰੋਪੀ ਵੇਖਦਿਆਂ ਸਾਰ) ਛਿਨ-ਮਾਤ੍ਰ ਵਿਚ ਕੌੜੇ ਹੋ ਨਿਬੜਦੇ ਹਨ।

(ਕੀਤੇ ਕਰਮਾਂ ਦੇ ਫਲ ਭੋਗਣ ਤੋਂ ਬਚਾਅ ਲਈ) ਕੋਈ ਹੋਰ ਮਨੁੱਖ ਵਿਚੋਲਾ-ਪਨ ਨਹੀਂ ਕਰ ਸਕਦਾ, ਇਸ ਲਈ (ਰਾਮ ਤੋਂ ਬੇਮੁਖ ਹੋਏ) ਭੋਗੀ ਜੀਵ ਕਿਸ ਪਾਸ ਆਪਣਾ ਰੋਣਾ (ਗ਼ਮ) ਰੋਵਣ।

ਜੋ ਕੁਝ ਧੁਰ-ਦਰਗਾਹੋਂ ਵਿਧਾਤਾ ਵਲੋਂ ਜੀਵ ਦੇ ਸੰਜੋਗਾਂ (ਭਾਗਾਂ) ਵਿਚ ਲਿਖਿਆ ਗਿਆ (ਉਹ ਅਵੱਸ਼ ਵਰਤਣਾ ਹੁੰਦਾ ਹੈ) ਕਿਸੇ ਜੀਵ ਦਾ ਆਪਣਾ ਕੀਤਾ (ਕੋਈ ਜਤਨ ਕਾਰਗਰ) ਨਹੀਂ ਹੋ ਸਕਦਾ।

ਵੱਡੇ ਭਾਗਾਂ ਸਦਕਾ ਜੇ (ਕਿਸੇ ਨੂੰ) ਮੇਰਾ ਪ੍ਰਭੂ ਮਿਲ ਪਵੇ ਤਾਂ ਵਿਛੋੜੇ ਦੇ ਸਾਰੇ ਦੁਖ-ਸੋਗ ਮਿਟ ਜਾਂਦੇ ਹਨ।

(ਅਸਾਂ ਜਗਿਆਸੂਆਂ ਦੇ ਸੰਗ-ਸਾਥ ਖਲੋਅ ਕੇ ਸਤਿਗੁਰੂ ਜੀ ਸਾਨੂੰ ਅਰਦਾਸ ਕਰਨ ਦਾ ਵੱਲ ਸਿਖਾਉਂਦੇ ਹੋਏ ਕਰਤਾ ਪੁਰਖ ਦੇ ਚਰਨਾਂ ਵਿਚ ਜੋਦੜੀ ਕਰਦੇ ਹਨ) ਹੇ ਬੰਦੀ-ਛੋੜ ਪ੍ਰਭੂ! ਮੈਨੂੰ ਨਾਨਕ ਨੂੰ (ਬੇਮੁਖਤਾ ਤੋਂ ਅਤੇ ਵਿਛੋੜੇ ਦੇ ਦੁਖ-ਸੋਗ ਤੋਂ) ਬਚਾਅ ਲੈ!

ਕੱਤਕ ਮਹੀਨੇ ਦੁਆਰਾ ਗੁਰ-ਉਪਦੇਸ਼ ਕਰਦੇ ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਜਿਸ ਜਗਿਆਸੂ ਨੂੰ ਸਾਧੂ-ਸਤਿਗੁਰੂ ਦਾ ਮਿਲਾਪ ਪ੍ਰਾਪਤ ਹੋ ਜਾਵੇ ਤਾਂ ਉਸਦੇ ਸਾਰੇ ਚਿੰਤਾ-ਝੋਰੇ ਮਿਟ ਜਾਂਦੇ ਹਨ।



# ਅਣਡਿੱਠੀ ਦੁਨੀਆ



*[ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]*

ਸੰਮ੍ਹਾਲਣ ਕਰਿ ਕਲਾਧਾਰੀ ਗੁਰੂ ਸਰੂਪ ਪੰਜਾਂ ਪਿਆਰਿਆਂ ਨੇ ਅੰਮ੍ਰਿਤ ਛਕਣਹਾਰਿਆਂ ਦੇ ਅੰਤਰਿ ਜੋਤਿ ਪ੍ਰਕਾਸ਼ ਕਰ ਕੇ ਸਾਹਿਬ ਸਚਾ ਪਾਤਸ਼ਾਹ ਸਦ ਹਜ਼ੂਰ ਦਿਖਾਲਿਆ ਹੈ ਅਤੇ ਸਰਬ ਦਾਰੂਆਂ ਸਿਰ ਦਾਰੂ ਮਈ ਸੁਖਜੀਵਨੀ ਅੰਮ੍ਰਿਤ ਪਿਆਲਾ ਪਿਆਲਿਆ ਹੈ ਅਤੇ ਨੇਹੁ ਸੰਜਮੀ ਸਚਾ ਭਾਣਾ ਮਿੱਠਾ ਕਰਿ ਮਨਾਇਆ ਹੈ, ਗੁਰੂ ਨਾਨਕ ਸਾਹਿਬ ਸਚੀ ਸਾਖੀ ਭਰਦੇ ਹਨ ਕਿ ਤਿਨ੍ਹਾਂ ਦਰਿ ਪਰਵਾਨ ਪਏ ਗੁਰਮੁਖ ਜਨਾਂ ਨੂੰ ਸਚਾ ਪਾਤਸ਼ਾਹ ਵਾਹਿਗੁਰੂ ਆਪਣੀ ਨਦਰ ਮੇਹਰ ਕਰਿ ਐਥੇ ਸੁਖੈ ਅੰਦਰਿ ਰਖਸੀ ਅਗੈ ਹਰਿ ਸਿਉ ਕੇਲ ਕਰੇਹੁ' ਦੇ ਗੁਰ ਸਿੱਟੇ ਅਨੁਸਾਰ ਐਥੈ (ਇਸ ਲੋਕ ਵਿਖੇ) ਅੰਮ੍ਰਿਤ ਸੁਖ ਸਹਿਜਤਾ ਅੰਦਰਿ ਰਖਦਾ ਹੈ ਅਤੇ ਅਗੈ (ਅਗਲੇ ਲੋਕ ਵਿਖੇ) ਪਰਮਾਤਮਾ ਸੰਗਿ ਮੇਲ ਕੇਲ ਰੰਗ ਰਲੀਆਂ ਮਾਨਣ ਦਾ ਪ੍ਰੇਮ ਅਧਿਕਾਰੀ ਬਣਾਉਂਦਾ ਹੈ। ਕੈਸਾ ਸੋਹਣਾ ਅੱਗਾ ਗੁਰਮੁਖ ਨਾਮ ਕਮਾਈ ਵਾਲਿਆਂ ਦਾ ਇਸ ਉਪਰਲੇ ਗੁਰਵਾਕ ਦੀ ਰੌਸ਼ਨੀ ਵਿਚ ਨਿਖਰਿਆ ਹੈ। ਅਗਲਾ ਗੁਰਵਾਕ 'ਅਗੋਂ' ਦੇ ਵਰਤਾਰੇ ਦੀ ਨਿਰਸੰਦੇਹਤਾ ਇਸ ਬਿਧਿ ਨਿਸਚੇ ਕਰਾਉਂਦਾ ਹੈ –

*ਹਉਮੈ ਵਿਚਿ ਜਗਤੁ ਮੁਆ ਮਰਦੋ ਮਰਦਾ ਜਾਇ॥*
*ਜਿਚਰੁ ਵਿਚਿ ਦੰਮੁ ਹੈ ਤਿਚਰੁ ਨ ਚੇਤਈ ਕਿ ਕਰੇਗੁ ਅਗੈ ਜਾਇ॥*
*ਗਿਆਨੀ ਹੋਇ ਸੁ ਚੇਤੰਨੁ ਹੋਇ ਅਗਿਆਨੀ ਅੰਧੁ ਕਮਾਇ॥*
*ਨਾਨਕ ਏਥੈ ਕਮਾਵੈ ਸੋ ਮਿਲੈ ਅਗੈ ਪਾਏ ਜਾਇ॥੧॥(੧੯) ਅੰਗ – ੫੫੫-੫੬*

ਨਾਮੋਂ ਘੁੱਥਾ ਜਗ, ਸਾਰਾ ਜਗਤ ਹੀ ਹਉਮੈ ਵਿਚ ਬਫਾਇ ਬਫਾਇ ਅਧਮੋਆ ਹੋਇ ਹੋਇ ਮਰਦਾ ਹੈ। ਖਿਨ ਖਿਨ ਨਵੀਂ, ਨਿਤ ਨਵੀਂ ਭਿਆਨਕ ਮਰਨੀ ਮਰਦਾ ਅਤੇ ਮਰਦਾ ਮਰਦਾ ਹੀ ਚਲਿਆ ਜਾਂਦਾ, ਅਰਥਾਤ ਜਨਮ ਬਤੀਤ ਕਰਦਾ ਹੈ। ਜਿੰਨਾ ਚਿਰ ਜਗਤ ਮੁੱਠੇ ਸੰਸਾਰੀ ਬੰਦਿਆਂ ਅੰਦਰ ਜ਼ਿੰਦਗੀ ਦਾ ਸਾਹ (ਕੰਮ) ਵਗਦਾ ਹੈ, ਉਤਨਾ ਚਿਰ ਤਾਂ ਵਾਹਿਗੁਰੂ ਨਾਮ ਦਾ ਸਿਮਰਨ ਭਜਨ ਇਕ ਨਿਮਖ ਮਾਤਰ ਭੀ ਜਗਤ-ਬੰਧਨੀ ਸੰਸਾਰੀ ਬੰਦਿਆਂ ਤੋਂ ਹੁੰਦਾ ਨਹੀਂ। ਤਿਨਾਂ ਦੀ ਸਾਰੀ ਜ਼ਿੰਦਗੀ ਮਾਨੁਖ ਜੀਵਨ, ਜਨਮ ਯਾਤਰਾ ਦੇ ਸਾਰੇ ਦੰਮ (ਸੁਆਸ) ਬਿਰਥੇ ਹੀ ਜਾਂਦੇ ਹਨ (ਨਾਮ ਬਿਹੂਨੜੇ ਹੋਣ ਕਰਕੇ)। ਜਦੋਂ ਦੰਮ (ਸੁਆਸ) ਤਨ ਸਰੀਰ ਵਿੱਚੋਂ ਨਿਕਲ ਗਿਆ ਤਾਂ ਫੇਰ ਹਉਮੈ ਅਗਨ ਕਰਿ ਜਲੰਦਾ-ਜਗਤ-ਸੰਸਾਰੀ ਬੰਦਾ ਅੱਗੇ ਜਾ ਕੇ ਕੀ ਕਰੇਗਾ? ਕੀ ਕਰਨਾ ਸੀ, ਹੱਥ ਮਰੋੜੇਗਾ ਤੇ ਸਿਰ ਧੁਨੇਗਾ। ਆਪਣਾ ਕੀਤਾ ਪਾਵੇਗਾ ਤੇ ਮੁਹੋ ਮੁਹਿ ਚੋਟਾਂ ਖਾਵੇਗਾ। ਸਚੇ ਗੁਰ-ਗਿਆਨ ਵੀਚਾਰ ਵਾਲੇ ਬੰਦੇ ਤਾਂ ਸਚਿਆਰਤਾ ਸਹਿਤ ਚੇਤੰਨ ਸਾਵਧਾਨ ਹੋ ਕੇ ਆਪਣਾ ਸਮਾਂ ਸੰਮ੍ਹਾਲ ਲੈਂਦੇ ਹਨ ਅਤੇ ਸੁਚੇਤ ਹੋ ਕੇ ਵਰਤਦੇ ਹਨ ਆਪਣੇ ਸੁਆਸਾਂ ਦੰਮਾਂ ਨੂੰ ਅਗਿਆਨੀ ਅੰਧੁਲੇ, ਗੁਰਮਤਿ ਗਿਆਨ ਤੋਂ ਘੁਥੇ ਹੋਏ, ਅੰਧ ਹੀ ਕਮਾਵੰਦੇ ਰਹਿੰਦੇ ਹਨ ਅਤੇ 'ਸਹੁ ਵੇ ਜੀਆ ਅਪਣਾ ਕੀਆ' ਵਾਲਾ ਖਮਿਆਜ਼ਾ ਭੁਗਤਦੇ ਹਨ। ਓੜਕ ਗੁਰੂ ਨਾਨਕ ਸਾਹਿਬ ਨਿਖਰਵਾਂ ਫ਼ੈਸਲਾ ਦਿੰਦੇ ਹਨ 'ਨਾਨਕੁ ਏਥੈ ਕਮਾਵੈ ਸੋ ਮਿਲੈ ਅਗੈ ਪਾਏ ਜਾਇ'। ਜੇਹੇ ਕਰਮ ਕਰਮਚਾਰੀ ਲੋਕ ਏਥੇ (ਇਸ ਲੋਕ ਅੰਦਰ) ਕਮਾਵੰਦੇ ਹਨ ਤੇਵੇਹੇ ਫਲ ਹੀ ਉਹ ਅਗੈ (ਅਗਲੇ ਲੋਕ ਵਿਖੇ) ਜਾਇਕੈ ਪਾਉਂਦੇ ਹਨ। ਇਸ ਵਿਚ ਰੰਚਕ ਮਾਤਰ ਭੀ ਸੰਦੇਹ ਨਹੀਂ। ਕੈਸਾ ਅੱਗਾ ਸਿੱਧ ਹੋਇਆ। ਅੱਗਾ ਹੀ ਨਹੀਂ, ਅੱਗੇ ਦਾ ਫਲ ਭੀ ਸਿਧ ਹੋ ਗਿਆ। ਤਾਂਤੇ ਅੱਗੇ ਦਾ ਇਨਕਾਰ ਸਭ ਬਾਦ ਬਫਾਰ ਹੀ ਹੈ।

ਬਿਕਾਰੀ ਲੋਕਾਂ ਦਾ ਅਗਿਆਨ ਅੰਧਾਰੀ ਕੂੜਾ ਨਿਸਚਾ

'ਅੱਗੇ' ਨੂੰ ਭਰਮ ਭਰਾਂਤੀ ਹੀ ਸਮਝਦਾ ਹੈ। ਭਰਮ ਭੁਲੀ ਲੁਕਾਈ ਅੱਗੇ' ਨੂੰ ਕੁਝ ਸਮਝਦੀ ਹੀ ਨਹੀਂ। ਅੱਗਾ ਸੱਚ ਹੈ, ਸੱਚ ਹੋਂਦ ਹਸਤੀ ਵਾਲਾ ਹੈ। ਅੱਗਾ, ਅਗਲਾ ਲੋਕ ਇਵੇਹਾ ਹੀ ਸਚ ਹੈ ਜਿਵੇਹਾ ਕਿ ਇਹ ਲੋਕ ਸੱਚ ਹੈ। ਸਚਿਆਰ ਗੁਰਸਿਖ ਤਾਂ ਇਸ ਅੱਗੇ ਦੇ ਹਸਤ ਹੋਂਦੀਏ ਸਚ ਤੋਂ ਸਿਰ ਫੇਰ ਹੀ ਨਹੀਂ ਸਕਦੇ। ਪਰ ਇਸ ਸੰਸਾਰ ਅੰਦਰਿ ਨਾਮ ਮਾਤਰੀਏ ਅਖਾਉਤੀ ਸਿਖ ਅਣਗਿਣਤ ਹਨ, ਜੋ ਗੁਰੂ ਦੇ ਸਿਖ ਸਦਾਉਂਦੇ ਹੋਏ ਭੀ ਅੱਗੇ ਨੂੰ ਨਹੀਂ ਮੰਨਦੇ। ਇਹੀ ਕਾਰਨ ਹੈ ਕਿ ਅੱਗੇ ਦੇ ਡਰ ਤੋਂ ਨਿਡਰ ਹੋ ਕੇ, ਉਸਦੇ ਭੈ ਤੋਂ ਨਿਰਭੈ ਹੋ ਕੇ ਅਨਿਕ ਪ੍ਰਕਾਰੀ ਵਿਕਾਰੀ ਕਰਮ ਕਮਾਉਂਦੇ ਹਨ ਅਤੇ ਆਪਣੇ ਮਨੁੱਖਾ ਜਨਮ ਦੀ ਪੂੰਜੀ ਨੂੰ ਆਪਣੇ ਹੱਥੀਂ ਲਾਂਬੂ ਲੂਤੀ ਲਾਉਂਦੇ ਹਨ ਤੇ ਆਪ ਹੀ ਸੜ ਕੇ ਦਗਧ ਹੋ ਕੇ ਮਰ ਜਾਂਦੇ ਹਨ ਤੇ ਅੱਗੇ ਜਾ ਕੇ ਸੜਨ ਬਲਣ ਦੀਆਂ ਅਨੇਕਾਂ ਬਿਕਟ ਸਜ਼ਾਈਆਂ ਭੁਗਤਦੇ ਹਨ। ਵਿਕਾਰੀ ਆਚਾਰ ਵਾਲੀਆਂ ਸੜਾਂਦ ਵਿਚ ਸੜ ਰਹੀਆਂ ਅਨਿਕ ਜਿੰਦੜੀਆਂ ਵਿਕਾਰਾਂ ਵਾਲੇ ਸੀਗਾਰ ਬਣਾਇ ਬਣਾਇ ਆਪਣੇ ਅੱਗੇ ਨੂੰ ਖੀਨ ਖਰਾਬ ਕਰਦੀਆਂ ਹਨ। ਤਿਨ੍ਹਾਂ ਸੀਂਗਾਰਾਂ ਦੇ ਕੂੜਾਵੇ ਸੁਹੱਪਣ ਏਥੇ ਦੇ ਏਥੇ ਹੀ ਰਹਿ ਜਾਣੇ ਹਨ, ਅੱਗੇ ਕਿਸੇ ਨੇ ਨਹੀਂ ਪੁਛਦੇ। ਕੂੜਾਵੇ ਸੀਗਾਰ ਬਣਾਵਣਹਾਰੀਆਂ ਆਨਮਤੀ ਔਰਤਾਂ ਦੀ ਰੀਸੇ ਗੁਰਮੁਖੀਆਂ ਦੀ ਰਹਿਣੀ ਬਹਿਣੀ ਨੂੰ ਤਿਲਾਂਜਲੀ ਦੇਣਹਾਰੀਆਂ ਨਵ-ਫੈਸ਼ਨ ਸੀਗਾਰਨਾਂ ਪ੍ਰਥਾਇ ਕਿਆ ਸੋਹਣਾ ਇਹ ਅਗਲੇਰਾ ਗੁਰਵਾਕ ਘਟਦਾ ਹੈ -

***ਮਾਠਿ ਗੁੰਦਾਂਈ ਪਟੀਆ ਭਰੀਐ ਮਾਗ ਸੰਧੂਰੇ॥***
***ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ॥੧॥੩॥***
***ਅੰਗ - ੫੫੮***

ਗੁਰਸਿੱਖ ਗੁਰਮੁਖ ਭੁਜੰਗਣਾਂ ਵਾਲਾ ਗੁਰਮੁਖੀ ਸਾਦਾ ਵੇਸ, ਸਾਬਤ ਸੂਰਤਿ ਦਸਤਾਰ ਸਿਰਾ ਦਾ ਖ਼ਾਲਸਈ ਪਹਿਰਾਵਾ ਛੱਡ ਕੇ ਅਨਮਤਣਾਂ ਦੀ ਰੀਸੇ ਜੋ ਅੱਜਕੱਲ ਸਿਰ ਦੇ ਕੇਸਾਂ ਦੀਆਂ ਪਟੀਆਂ ਗੁੰਦਣਾ, ਟੇਢੇ ਚੀਰ ਕੱਢਣ ਦਾ ਮਾੜਾ ਫੈਸ਼ਨ ਜੋ ਤੁਰਿਆ ਹੈ ਅਤੇ ਚੀਰਮੀਆਂ ਵਿਚ ਸੰਧੂਰ ਭਰਨ ਦਾ ਹੋਛਾ ਸੀਂਗਾਰ ਜੋ ਪਰਚਾਰ ਹੋਇਆ ਹੈ, ਸੋ ਸਭ ਰਸਾਤਲ ਨੂੰ ਲੈ ਜਾਣ ਵਾਲਾ ਸਉਦਾ ਹੈ। ਸਤਿਗੁਰੂ ਫੁਰਮਾਨ ਨੇ ਸਾਫ਼ ਦਸਿਆ ਹੈ ਕਿ ਐਸੇ ਹੋਛੇ ਸੀਂਗਾਰ ਬਣਾਵਣ-ਹਾਰੀਆਂ ਸਭ ਝੂਰ-ਝੂਰ ਵਿਸੂਰ ਵਿਸੂਰ ਕੇ ਮਰਨਗੀਆਂ ਅਤੇ ਅੱਗੇ (ਅਗਲੇ ਲੋਕ ਵਿਚ) ਗਈਆਂ ਦੀ ਕੋਈ ਪੁਛ ਪਰਤੀਤ ਨਹੀਂ ਹੋਣੀ। ਜੇਕਰ ਗੁਰਮਤਿ ਦਰਸਾਏ, ਬੁਝਾਏ, ਦ੍ਰਿੜਾਏ, ਅੱਗੇ ਦਾ ਖ਼ੌਫ਼ ਹੋਵੇ ਤਾਂ ਇਹ ਕੂੜ ਸੀਗਾਰੜੀ, ਬਿਗਾੜ ਫ਼ੈਸ਼ਨਾੜੀ, ਸਿਖ ਘਰਾਣਿਆਂ ਦੀਆਂ ਗੁਰਸਿਖਣੀਆਂ ਸਦਵਾਉਣਹਾਰੀਆਂ ਜਨਾਨੜੀਆਂ ਕਦੇ ਭੀ ਅੱਗੇ ਨੂੰ ਕਲੰਕਤ ਨਾ ਕਰਨ।

ਅੱਗੇ ਦੀ ਹੋਂਦ ਤੋਂ ਬੇਖ਼ੌਫ਼ੀ, ਅੱਗੇ ਦੀ ਮਨੌਤ ਤੋਂ ਆਕੀ ਹੋਣਾ ਮੁਜੱਸਮ ਬਦ-ਇਖ਼ਲਾਕੀ ਦੀ ਗੰਦੀ ਖੁੰਦਕ ਵਿਚ ਰੁੜ੍ਹਨਾ ਹੈ। ਅੱਗੇ ਤੋਂ ਖ਼ੌਫ਼-ਹੀਣ ਹੋਣ ਦੀ ਕੁਧਿਤ ਬਦ-ਇਖ਼ਲਾਕੀ ਦੀ ਅਗਨ ਵਿਚ ਜਲਣ ਸੜਨ ਵਾਲੇ ਜੀਵਨ, ਇਸ ਲੋਕ ਵਿਖੇ ਹੀ ਐਸੇ ਖੀਨ ਖੁਆਰ ਹੁੰਦੇ ਡਿੱਠੇ (ਦੇਖੇ ਗਏ) ਹਨ ਕਿ ਉਹਨਾਂ ਜੀਵਨ ਜੀਵਨਾਨੂੰ ਮਾਣੂਆਂ ਦੀ ਭਰੀ ਜੁਆਨੀ ਹੀ ਰਿਝ ਕਝਨੀ ਗਲੀ ਪੁਲੀ ਸੜਾਂਦ ਅਵਾਇਲ ਉਮਰ ਵਿਚ ਹੀ ਨਮੂਦਾਰ ਹੋਇ ਆਂਵਦੀ ਹੈ। ਅਗਲੀ ਪਰਲੋਕੀ ਦੁਨੀਆ ਅੰਦਰਿ ਜੋ ਹਾਲ ਹੋਵੇਗਾ ਸੋ ਅਗੇ ਜਾ ਕੇ ਭੁਗਤਿਆਂ ਹੀ ਪਤਾ ਲਗੇਗਾ। ਜੈਸਾ ਕਿ ਅਗਲੇ ਗੁਰਵਾਕ ਦਾ ਭਾਵ ਹੈ -

***ਦੋਹਾਗਣੀ ਖਰੀਆ ਬਿਲਲਾਦੀਆ ਤਿਨਾ ਮਹਲੁ ਨ ਪਾਇ॥***
***ਦੂਜੈ ਭਾਇ ਕਰੂਪੀ ਦੂਖੁ ਪਾਵਹਿ ਆਗੈ ਜਾਇ ॥੨॥੪॥੪॥ ਅੰਗ - ੫੫੯***

ਪਿਰੀ ਪ੍ਰੀਤਮ ਵਾਹਿਗੁਰੂ ਦੀ ਪ੍ਰਾਪਤੀ ਜੋਗ ਗੁਰਮਤਿ ਦਰਸਾਏ ਸਚੜੇ ਸੁਹਾਗ ਸੀਂਗਾਰ ਤੋਂ ਖੁਥੜੀਆਂ ਹੋਈਆਂ ਅਤੇ ਬਿਭਚਾਰ ਸੀਂਗਾਰ ਵਿਚ ਬੜੀਆਂ ਹੋਈਆਂ ਦੋਹਾਗਣੀਆਂ ਐਥੇ ਓਥੇ, ਇਸ ਲੋਕ ਅਤੇ ਅਗਲੇ ਲੋਕ (ਪ੍ਰਲੋਕ) ਵਿਖੇ ਖਰੀਆਂ ਬਿਲਲਾਂਦੀਆਂ, ਬੇਹੱਦਾ ਵਿਰਲਾਪ ਕਰਦੀਆਂ ਸਤਿਗੁਰਾਂ ਅਤੇ ਸਤਿਗੁਰੂ ਦੇ ਦਿੱਬ ਦ੍ਰਿਸ਼ਟੇ ਗੁਰਸਿਖਾਂ ਸੰਤਾਂ ਭਗਤਾਂ ਗੁਰਮੁਖ ਜਨਾਂ ਨੇ ਆਪਣੇ ਅਖੀਂ ਦੇਖੀਆਂ ਹਨ। ਗੁਰੂ ਸਾਹਿਬ ਫੁਰਮਾਉਂਦੇ ਹਨ ਤਿਨ੍ਹਾਂ ਨੂੰ ਪਿਰੀ ਪ੍ਰੀਤਮ ਦੇ ਸਮੇਂ ਮਹਲ ਦੀ ਪ੍ਰਾਪਤੀ ਕਦਾਚਿਤ ਨਹੀਂ ਹੁੰਦੀ, ਨਾ ਹੋਣੀ ਹੈ। ਦੂਜੇ ਭਾਇ ਦੇ ਦੋਹਾਗਣੀਆਂ ਵਾਲੇ, ਵਿਭਚਾਰ ਵਾਲੇ ਭੜਕ ਭੜਕਾਵੇ ਸ਼ਿੰਗਾਰ, ਰੂਪ ਜੋਬਨ ਨੂੰ ਸਗੋਂ ਕਰੂਪ ਕਚਲੋਬਨ ਵਿਚ ਪਲਟ ਦਿੰਦੇ ਹਨ। ਐਸੇ ਕੁਸ਼ਿੰਗਾਰੀ ਸ਼ਿੰਗਾਰੀਆਂ ਕਰੂਪਣੀਆਂ ਦੋਹਾਗਣੀਆਂ 'ਦੁਖੁ ਪਾਵਹਿ ਆਗੈ ਜਾਇ', ਅਗੇ ਚਲ ਕੇ, ਅਗਲੇ ਲੋਕ, ਅਗਲੀ ਦਰਗਾਹ ਵਿਚ ਜਾ ਕੇ ਅਮਿਤਾ ਜਮਜੰਦਾਰੀ ਦੁਖ ਪਾਵਣਗੀਆਂ। ਇਹ ਬਲਾ ਉਹਨਾਂ ਦੇ ਸਿਰੋਂ ਟਲਣੀ ਨਹੀਂ ਹੈ। ਇਸ ਗੱਲ ਨੂੰ ਪੱਕ ਪਰਤੀਤ ਕਰ ਕੇ ਜਾਣੋ। ਅੱਗੇ ਤੋਂ ਅਵੇਸਲੇ ਮੁਤ ਹੋਵੋ। ਅਗੇ ਨੂੰ ਮਿਣਣ ਵਾਲੀਆਂ ਸਜਾਈਂ ਜ਼ਰੂਰ ਮਿਲਣਗੀਆਂ ਮਨਮੁਖਾਂ ਤਾਈਂ।

***'ਚਲਦਾ'***

# ਜੀਵਨ ਬਿਉਰਾ ਸ੍ਰੀ ਗੁਰੂ ਰਾਮਦਾਸ ਜੀ

**ਜਨਮ** - ਗੁਰੂ ਰਾਮਦਾਸ ਜੀ ਦਾ ਜਨਮ ਕੱਤਕ ਵਦੀ ੨ ਸੰ: ੧੫੯੧ ਨੂੰ ਹੋਇਆ। ਓਦੋਂ ਅੰਗਰੇਜ਼ੀ ਸੰਨ ੧੫੩੪ ਦੇ ਸਤੰਬਰ ਦੀ ੨੫ ਤਰੀਕ ਸੀ।

**ਮਾਤਾ ਪਿਤਾ** - ਆਪ ਜੀ ਦੇ ਮਾਤਾ ਦਾ ਨਾਂ ਦਇਆ ਕੌਰ ਤੇ ਪਿਤਾ ਦਾ ਨਾਂ ਸੋਢੀ ਹਰਿਦਾਸ ਸੀ।

**ਜਨਮ ਅਸਥਾਨ** - ਜਨਮ ਆਪ ਜੀ ਦਾ ਪੱਛਮੀ ਪੰਜਾਬ ਦੀ ਰਾਜਧਾਨੀ ਲਾਹੌਰ ਵਿਖੇ ਹੋਇਆ। ਆਪ ਦਾ ਜਨਮ-ਅਸਥਾਨ ਲਾਹੌਰ ਵਿਚ ਚੂਨੇ ਮੰਡੀ ਵਿਖੇ ਹੈ। ਇਹ ਪਵਿੱਤਰ ਅਸਥਾਨ ਅੱਜ ਕਲ੍ਹ ਪਾਕਿਸਤਾਨ ਵਿਚ ਰਹਿ ਜਾਣ ਕਾਰਨ ਇਸ ਦੀ ਚਰਨ-ਧੂੜ ਪਰਸਣ ਤੋਂ ਅਸੀਂ ਵਿਛੜੇ ਹੋਏ ਹਾਂ।

**ਬਚਪਨ** - ਬਚਪਨ ਵਿਚ ਆਪ ਦਾ ਨਾਂ ਜੇਠਾ ਜੀ ਕਰਕੇ ਪ੍ਰਸਿੱਧ ਸੀ। ਸੱਤਾਂ ਕੁ ਸਾਲਾਂ ਦੀ ਉਮਰ ਵਿਚ ਆਪ ਜੀ ਦੇ ਸਿਰ ਤੋਂ ਮਾਤਾ ਪਿਤਾ ਦਾ ਸਾਇਆ ਉਠ ਗਿਆ, ਜਿਸ ਕਰਕੇ ਆਪ ਜੀ ਦੀ ਨਾਨੀ ਆਪ ਨੂੰ ਆਪਣੇ ਪਿੰਡ ਬਾਸਰਕੇ (ਜ਼ਿਲਾ ਅੰਮ੍ਰਿਤਸਰ) ਵਿਚ ਲੈ ਆਈ। ਬਾਰ੍ਹਾਂ ਸਾਲਾਂ ਦੀ ਉਮਰ ਤਕ ਇਸੇ ਪਿੰਡ ਵਿਚ ਆਪ ਘੁੰਗਣੀਆਂ ਵੇਚਦੇ ਰਹੇ। (ਗੁਰੂ) ਅਮਰਦਾਸ ਜੀ ਦਾ ਨਿਵਾਸ-ਅਸਥਾਨ ਵੀ ਬਾਸਰਕੇ ਹੀ ਸੀ।

ਗੋਇੰਦਵਾਲ ਵਿਖੇ - (ਗੁਰੂ) ਅਮਰਦਾਸ ਜੀ ਨੇ ਗੁਰੂ ਅੰਗਦ ਦੇਵ ਜੀ ਦੀ ਅਤੁੱਟ ਸੇਵਾ ਕੀਤੀ ਅਤੇ ਆਗਿਆ ਪਾ ਕੇ ੧੫੪੬ ਈਸਵੀ ਵਿਚ ਗੋਇੰਦਵਾਲ ਵਸਾਇਆ। ਇਸ ਸਮੇਂ (ਗੁਰੂ) ਅਮਰਦਾਸ ਜੀ ਨੇ ਬਾਸਰਕੇ ਤੋਂ ਆਪਣੇ ਕਈ ਸੰਬੰਧੀਆਂ ਨੂੰ ਪਰਿਵਾਰਾਂ ਸਮੇਤ ਲਿਆ ਕੇ ਗੋਇੰਦਵਾਲ ਦੇ ਵਾਸੀ ਬਣਾਇਆ। ਓਦੋਂ ਹੀ ਭਾਈ ਜੇਠਾ ਜੀ ਵੀ ਗੋਇੰਦਵਾਲ ਵਿਖੇ ਆ ਵਸੇ ਅਤੇ ਇਥੇ ਆ ਕੇ ਵੀ ਓਹੋ ਘੁੰਗਣੀਆਂ ਵਾਲੀ ਕਿਰਤ ਜਾਰੀ ਰਖੀ, ਪਰ ਨਾਲ ਨਾਲ ਹੀ ਗੁਰੂ-ਸੰਗਤਾਂ ਦੀ ਸੇਵਾ ਵਿਚ ਵੀ ਹਰ ਵਕਤ ਤਤਪਰ ਰਹਿੰਦੇ।

੧੫੪੬ ਈਸਵੀ ਤੋਂ ਲੈ ਕੇ ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਸਮਾਉਣ ਸਮੇਂ ੧੫੭੪ ਤੱਕ ਲਗਭਗ ੨੮ ਵਰ੍ਹੇ ਬਹੁਤਾ ਕਰ ਕੇ ਆਪ ਗੋਇੰਦਵਾਲ ਵਿਖੇ ਹੀ ਸੇਵਾ ਵਿਚ ਜੁਟੇ ਰਹੇ। ਇਸ ਸਮੇਂ ਵਿਚ ਆਪ ਜੀ ਦੇ ਜੀਵਨ ਦੀਆਂ ਕਈ ਘਟਨਾਵਾਵਾਂ ਵਰਣਨ ਯੋਗ ਹਨ।

ਗੁਰੂ ਅੰਗਦ ਦੇਵ ਜੀ ਨੇ ਆਪਣੇ ਜੋਤੀ ਜੋਤਿ ਸਮਾਉਣ ਸਮੇਂ ੧੫੫੨ ਈ: ਵਿਚ ਗੁਰੂ ਅਮਰਦਾਸ ਜੀ ਨੂੰ ਗੁਰਿਆਈ ਦੀ ਗੱਦੀ ਤੇ ਅਸਥਾਪਨ ਕੀਤਾ। ਇਸ ਤੋਂ ਇਕ ਵਰ੍ਹਾ ਪਿਛੋਂ ਹੀ ਗੁਰੂ ਅਮਰਦਾਸ ਜੀ ਨੇ ਆਪਣੀ ਪੁੱਤਰੀ ਬੀਬੀ ਭਾਨੀ ਦਾ ਅਨੰਦ ਵਿਆਹ ੧੫੫੩ ਵਿਚ (ਗੁਰੂ) ਰਾਮਦਾਸ ਜੀ ਨਾਲ ਕਰ ਦਿੱਤਾ।

੧੫੫੭ ਵਿਚ ਗੁਰੂ ਅਮਰਦਾਸ ਜੀ ਦੀ ਆਗਿਆ ਪਾਲਦਿਆਂ ਹੋਇਆਂ ਆਪ ਜੀ ਅਕਬਰ ਬਾਦਸ਼ਾਹ ਦੇ ਦਰਬਾਰ ਵਿਚ ਗਏ ਅਤੇ ਗੁਰੂ-ਘਰ ਦੇ ਪੱਖ ਨੂੰ ਬੜੀ ਸੂਝ ਬੂਝ ਤੇ ਸਿਆਣਪ ਨਾਲ ਪੇਸ਼ ਕਰ ਕੇ ਉੱਜਲਾ ਤੇ ਉੱਚਤਮ ਸਾਬਤ ਕੀਤਾ ਅਤੇ ਵਿਰੋਧੀਆਂ ਤੇ ਈਰਖਾਲੂਆਂ ਨੂੰ ਸ਼ਰਮਿੰਦਾ ਕਰ ਕੇ ਤੋਰਿਆ।

੧੫੫੯ ਵਿਚ ਬਾਉਲੀ ਤਿਆਰ ਕਰਨ ਦੀ ਸੇਵਾ ਅਰੰਭ ਹੋਈ। ਇਸ ਸੇਵਾ ਵਿਚ ਆਪ ਜੀ ਨੇ ਦਿਨ-ਰਾਤ ਇਕ ਕਰ ਦਿਤਾ ਅਤੇ ਆਪਣੇ ਜਵਾਈ ਹੋਣ ਦੇ ਰਿਸ਼ਤੇ ਦੇ ਮਾਣ ਨੂੰ ਨੇੜੇ ਨਾ ਫਟਕਣ ਦਿਤਾ। ਜਿਥੇ ਕਿਤੇ ਕਿਸੇ ਸੇਵਾ ਦੀ ਲੋੜ ਹੁੰਦੀ, ਆਪ ਉਥੇ ਹੀ ਪੁੱਜ ਜਾਂਦੇ।

ਆਪ ਜੀ ਦੇ ਤਿੰਨਾਂ ਪੁੱਤਰਾਂ - ਬਾਬਾ ਪ੍ਰਿਥੀ ਚੰਦ, ਬਾਬਾ ਮਹਾਦੇਵ ਤੇ (ਗੁਰੂ) ਅਰਜਨ ਦੇਵ ਜੀ ਦਾ ਜਨਮ ਇਥੇ ਗੋਇੰਦਵਾਲ ਵਿਖੇ ਹੀ ਹੋਇਆ।

***(ਬਾਕੀ ਪੰਨਾ 15 'ਤੇ)***

# ਗੁਰੂ ਰਾਮਦਾਸ ਜੀ ਤੇ ਅੰਮ੍ਰਿਤਸਰ

*[ਪ੍ਰੋ. ਪ੍ਰਕਾਸ਼ ਸਿੰਘ ਜੀ]*

ਗੁਰੂ ਰਾਮਦਾਸ ਨੇ ਸੰਨ ੧੫੭੩ ਈ: ਵਿਚ ਉਸ ਸਰੋਵਰ ਦਾ ਟੱਕ ਲਾਇਆ ਜੋ ਕਿ ਅੰਮ੍ਰਿਤ-ਸਰ ਨਾਂ ਨਾਲ ਪ੍ਰਸਿੱਧ ਹੋਇਆ। ਇਸ ਸਰੋਵਰ ਨੂੰ ਗੁਰਬਾਣੀ ਵਿਚ ਪੰਜਵੇਂ ਸਤਿਗੁਰੂ ਜੀ ਨੇ ਰਾਮਦਾਸ ਸਰੋਵਰ ਦੇ ਨਾਂ ਨਾਲ ਵੀ ਸੰਬੋਧਨ ਕੀਤਾ ਹੈ। ਚੌਥੇ ਗੁਰੂ ਜੀ ਨੇ ਇਹ ਟੱਕ ਦੁੱਖ ਭੰਜਨੀ ਬੇਰੀ ਦੇ ਕੋਲ ਲਾਇਆ।

ਅਗਲੇ ਸਾਲ ਭਾਵ ੧੫੭੪ ਈ: ਵਿਚ ਗੁਰੂ ਅਮਰਦਾਸ ਜੀ ਜੋਤੀ ਜੋਤਿ ਸਮਾ ਗਏ, ਇਸ ਲਈ ਗੁਰੂ ਰਾਮਦਾਸ ਜੀ ਨੂੰ ਸਰੋਵਰ ਦੀ ਸੇਵਾ ਦਾ ਕੰਮ ਕੁਝ ਸਮੇਂ ਲਈ ਬੰਦ ਕਰਨਾ ਪਿਆ।

੧੫੭੭ ਈ: ਵਿਚ ਆਪ ਨੇ ਇਹ ਕੰਮ ਮੁੜ ਸ਼ੁਰੂ ਕੀਤਾ। ਹੁਣ ਸਤਿਗੁਰਾਂ ਨੇ 'ਚੱਕ ਗੁਰੂ' ਆ ਕੇ ਪੱਕੇ ਤੌਰ ਤੇ ਨਿਵਾਸ ਕਰ ਲਿਆ। ਗੁਰੂ ਅਮਰਦਾਸ ਜੀ ਦੇ ਸਮੇਂ ਆਪ ਭਾਈ ਜੇਠਾ ਦੇ ਰੂਪ ਵਿਚ ਇਕ ਅਨਿੰਨ ਸੇਵਕ ਤੇ ਪਰਵਾਨ ਹੋਏ ਸਿੱਖ ਦੇ ਰੂਪ ਵਿਚ ਆਏ ਸਨ, ਪਰ ਹੁਣ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਬੈਠ ਕੇ ਚੌਥੇ ਗੁਰੂ ਦੇ ਰੂਪ ਵਿਚ ਆਏ।

ਚਾਰ ਕੁ ਸਾਲ ਪਹਿਲਾਂ ਜਦ ਉਨ੍ਹਾਂ ਇਥੇ ਕੰਮ ਅਰੰਭਿਆ ਸੀ, ਤਾਂ ਬਾਬਾ ਬੁੱਢਾ ਜੀ ਤੇ ਹੋਰ ਕੁਝ ਮੁਖੀ ਸਿੱਖ ਹੀ ਨਾਲ ਸਨ, ਪਰ ਹੁਣ ਗੁਰੂ ਰਾਮਦਾਸ ਜੀ ਦੇ ਦਰਸ਼ਨਾਂ ਲਈ ਹਜ਼ਾਰਾਂ ਦੀ ਗਿਣਤੀ ਵਿਚ ਸਿਖ-ਸੇਵਕ ਇਥੇ ਆਣ ਲਗ ਪਏ ਤੇ ਸੇਵਾ ਵਿਚ ਤਨ ਮਨ ਧਨ ਦੁਆਰਾ ਹਿੱਸਾ ਪਾਣ ਲਗ ਪਏ ਸਨ।

ਚੁਗਿਰਦੇ ਦੇ ਪਿੰਡਾਂ ਵਿਚੋਂ ਕਈ ਸਿਖ 'ਚੱਕ ਗੁਰੂ' ਆ ਵਸੇ। ਕਈ ਲੋਕੀ ਤਾਂ ਦੂਰ-ਦੁਰਾਡਿਓਂ ਸਤਿਗੁਰੂ ਜੀ ਦੀ ਖਿੱਚ ਕਰਕੇ ਇਥੇ ਆ ਅਬਾਦ ਹੋਏ। ਉਦੋਂ ਇਹ ਨਿੱਕਾ ਜਿਹਾ ਪਿੰਡ ਸੀ। ਬੇਰੀਆਂ ਤੇ ਅੰਬਾਂ ਦੇ ਝੁੰਡ ਵਿਚ ਕੁਝ ਕੁ ਕੋਠੇ ਛੱਤੇ ਗਏ ਕੁਦਰਤ ਦੀ ਗੋਦੀ ਵਿਚ ਇਥੇ, ਸਿੱਧੇ-ਸਾਦੇ ਸ਼ਰਧਾਲੂ, ਮਿਹਨਤੀ ਤੇ ਕਿਰਤੀ ਸਿੱਖ ਆ ਵੱਸੇ, ਜੋ ਕਿ ਸਤਿਗੁਰੂ ਜੀ ਦੇ ਚਰਨਾਂ ਵਿਚ ਰਹਿ ਕੇ ਸੇਵਾ ਤੇ ਸਿਮਰਨ ਦਾ ਸਮਾਂ ਬਤੀਤ ਕਰਨ ਲਗੇ।

ਓਦੋਂ ਸ਼ਾਇਦ ਸਿੱਖਾਂ ਨੂੰ ਚਿੱਤ ਚੇਤੇ ਵੀ ਨਹੀਂ ਹੋਣਾ ਕਿ ਇਹ ਪਿੰਡ ਕਦੇ ਇਕ ਵੱਡਾ ਸ਼ਹਿਰ ਬਣ ਜਾਏਗਾ ਜੋ ਕਿ ਸਿੱਖੀ ਦਾ ਕੇਂਦਰ ਹੀ ਨਹੀਂ ਸਗੋਂ ਵਪਾਰ ਦੀ ਬੜੀ ਭਾਰੀ ਮੰਡੀ ਵੀ। ਅੱਜ ਕਲ੍ਹ ਭਾਰਤੀ ਪੰਜਾਬ ਦਾ ਇਹ ਵੱਡਾ ਸ਼ਹਿਰ ਹੈ ਅਤੇ ਸਿੱਖ ਰਾਜ ਦੇ ਸਮੇਂ ਅੰਮ੍ਰਿਤਸਰ ਦੀ ਵਸੋਂ ਲਾਹੌਰ ਤੋਂ ਭੀ ਜ਼ਿਆਦਾ ਸੀ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਇਸ ਸ਼ਹਿਰ ਦਾ ਵਪਾਰ ਰੂਸ ਨਾਲ ਸਿੱਧੇ ਤੌਰ ਤੇ ਕਾਇਮ ਹੋ ਚੁੱਕਾ ਸੀ। ਵਪਾਰ ਦੀ ਹੁਣ ਇਹ ਇਤਨੀ ਵੱਡੀ ਮਾਰਕੀਟ ਹੈ ਕਿ ਦਿੱਲੀ ਤੋਂ ਬਾਅਦ ਇਥੇ ਸਭ ਤੋਂ ਵਧ ਬੈਂਕ ਹਨ ਤੇ ਬੈਂਕਾਂ ਦੁਆਰਾ ਲੈਣ ਦੇਣ ਹੈ।

ਮਹਿਮਾ ਪ੍ਰਕਾਸ਼ ਵਿਚ ਲਿਖਿਆ ਹੈ ਕਿ ਸਰੋਵਰ ਦੀ ਖੁਦਾਈ ਗੁਰੂ ਅਮਰਦਾਸ ਜੀ ਨੇ ਆਪ ਕਰਵਾਈ। ਇਹ ਗੱਲ ਠੀਕ ਨਹੀਂ ਹੈ। ਹਾਂ ਸਰੋਵਰ ਦੀ ਖੁਦਾਈ ਦਾ ਕੰਮ ਗੁਰੂ ਅਮਰਦਾਸ ਜੀ ਦੀ ਆਗਿਆ ਅਨੁਸਾਰ ਜ਼ਰੂਰ ਹੋਇਆ। ਤੀਜੇ ਗੁਰੂ ਜੀ ਦੇ ਸਮੇਂ ਇਕ ਸਾਲ ਦੇ ਲਗਭਗ ਕੰਮ ਹੋਇਆ। ਪਰ ਜਦ ਗੁਰੂ ਅਮਰਦਾਸ ਜੀ ਜੋਤੀ ਜੋਤਿ ਸਮਾ ਗਏ ਤਾਂ ਤਿਨ ਚਾਰ ਸਾਲ ਲਈ ਕੰਮ ਬੰਦ ਰਿਹਾ। ਮੁੜ ਇਹ ਕਾਰਜ ਗੁਰੂ ਰਾਮਦਾਸ ਜੀ ਨੇ ਸ਼ੁਰੂ ਕਰਵਾ ਕੇ ਸੰਪੂਰਨ ਕਰਵਾਇਆ, ਇਸ ਗੱਲ ਦੀ ਗਵਾਹੀ ਭਾਈ ਗੁਰਦਾਸ ਦੀਆਂ ਵਾਰਾਂ ਵਿਚੋਂ ਮਿਲਦੀ ਹੈ :

***ਪੂਰਨ ਤਾਲ ਖਟਾਇਆ ਰਾਮਦਾਸ ਸਤਿਗੁਰੂ ਕਹਾਵੇ।***

ਚੌਥੇ ਸਤਿਗੁਰੂ ਜੀ ਨੇ 'ਪੂਰਨ ਤਾਲ' ਖਟਵਾ ਲਿਆ ਸੀ। ਪੰਜਵੇਂ ਸਤਿਗੁਰਾਂ ਨੇ ਸਰੋਵਰ ਨੂੰ ਪੱਕਿਆਂ ਕਰਵਾਇਆ ਸੀ। ਅੰਮ੍ਰਿਤ-ਸਰੋਵਰ ਦੀ ਖੁਦਾਈ ਦਾ ਕੰਮ ਗੁਰੂ ਰਾਮਦਾਸ ਜੀ ਦੇ ਸਮੇਂ ਦੂਜੀ ਵੇਰ, ੧੫੭੭ ਈ: ਤੋਂ ੧੫੮੧ ਈ: ਤੱਕ ਕੋਈ ਚਾਰ ਪੰਜ ਸਾਲ ਹੋਇਆ। ਇਕ ਪਾਸੇ ਤਾਂ ਚੱਕ ਗੁਰੂ ਅਬਾਦ ਹੋ ਰਿਹਾ ਸੀ ਤੇ ਦੂਜੇ ਪਾਸੇ ਸਰੋਵਰ ਖਟਿਆ ਜਾ ਰਿਹਾ ਸੀ। ਲਾਹੌਰ ਦੇ ਕੁਝ ਕੁ ਸੋਢੀ ਖੱਤਰੀ, ਜਿਨ੍ਹਾਂ ਨੂੰ ਕਿ ਉਸ ਵੇਲੇ ਦੇ ਸੂਬੇ ਨੇ ਉਜਾੜ ਦਿਤਾ ਸੀ, ਵੀ ਇਥੇ ਆ ਕੇ ਆਬਾਦ ਹੋ ਗਏ।

ਇਹ ਥਾਂ ਜਿਥੇ ਸਰੋਵਰ ਬਣਿਆ ਤੇ ਗੁਰੂ ਕੇ ਮਹਿਲ ਅਬਾਦ ਹੋਏ, ਸੁਲਤਾਨਵਿੰਡ ਦੀ ਜੂਹ ਸੀ, ਤੇ ਝਗੜੇ ਵਿਚ ਫਸੀ ਹੋਈ ਜਗ੍ਹਾ ਸੀ। ਇਥੇ ਧਰਮ-ਕੇਂਦਰ ਬਣਨ ਨਾਲ ਜਗ੍ਹਾ ਦੀ ਭੀ ਮੁਕਤੀ ਹੋ ਗਈ। ਆਪੋ ਦੇ ਝਗੜੇ ਵਿਚੋਂ ਨਿਕਲ ਕੇ ਇਕ ਮਹਾਨ ਆਤਮਕ, ਵਿਵਹਾਰਕ ਤੇ ਸਮਾਜਕ ਖੇਤਰ ਵਿਚ ਪ੍ਰਸਿੱਧ ਅਸਥਾਨ ਹੋ ਗਿਆ।

**ਗੁਰੂ ਰਾਮਦਾਸ ਜੀ ਤੇ ਲੰਗਰ ਦੀ ਸੇਵਾ** - ਗੁਰੂ ਰਾਮਦਾਸ ਜੀ ਭਾਈ ਜੇਠਾ ਦੇ ਰੂਪ ਵਿਚ ਸਿੱਖ ਸੇਵਕਾਂ ਅਤੇ ਮਿਹਨਤ ਮੁਸ਼ੱਕਤ ਕਰਨ ਵਾਲਿਆਂ ਕਾਮਿਆਂ, ਮਜ਼ਦੂਰਾਂ ਤੇ ਸ਼ਰਧਾਲੂਆਂ ਵਿਚ ਲੰਗਰ ਵਰਤਾਂਦੇ ਸਨ। ਭਾਈ ਜੇਠਾ ਕਦੇ ਗੋਇੰਦਵਾਲ ਵਿਖੇ ਲੰਗਰ ਵਿਚ ਪ੍ਰਸ਼ਾਦ ਤਿਆਰ ਕਰਨ ਵਿਚ ਕਈ ਪਰਕਾਰ ਦਾ ਹਿੱਸਾ ਪਾਂਦੇ ਰਹੇ ਸਨ। ਉਥੇ ਲੰਗਰ ਲਈ ਕਈ ਵਰ੍ਹੇ ਬਾਲਣ ਤੇ ਪਾਣੀ ਆਦਿ ਢੋਣ ਤੇ ਸੰਗਤ ਨੂੰ ਪ੍ਰਸ਼ਾਦ-ਪਾਣੀ ਛਕਾਣ ਦੀ ਸੇਵਾ ਕਰਨੀ ਆਪ ਦਾ ਕੰਮ ਬਣ ਗਿਆ ਸੀ। ਜੂਠੇ ਭਾਂਡੇ ਮਾਂਜਣ ਤੇ ਪੱਤਲਾਂ ਚੁਕਣ ਵਿਚ ਆਪ ਨੂੰ ਅਨੰਦ ਆਉਂਦਾ ਸੀ।

ਭਾਵੇਂ ਭਾਈ ਜੇਠਾ ਜੀ ਵੱਧ ਤੋਂ ਵੱਧ ਸਮਾਂ ਸੰਗਤ ਤੇ ਪੰਗਤ ਦੀ ਸੇਵਾ ਵਿਚ ਬਤੀਤ ਕਰਦੇ, ਪਰ ਆਪਣੀ ਉਪ-ਜੀਵਕਾ ਲਈ ਉਬਾਲੇ ਹੋਏ ਛੋਲਿਆਂ ਦੀਆਂ ਘੁੰਘਣੀਆਂ ਆਦਿ ਵੇਚ ਕੇ ਗੁਜ਼ਾਰਾ ਕਰਦੇ। ਕੁਝ ਕੁ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਭਾਈ ਜੇਠਾ ਜੀ ਆਪਣੀ ਆਮਦਨੀ ਦਾ ਚੋਖਾ ਹਿੱਸਾ ਧਰਮ ਨਮਿੱਤ ਦੇ ਦਿੰਦੇ ਸਨ।

ਚੱਕ ਗੁਰੂ ਵਿਖੇ ਜਦ ਸ੍ਰੀ ਗੁਰੂ ਰਾਮਦਾਸ ਜੀ ਨੇ ਆ ਕੇ ਨਿਵਾਸ ਕਰ ਲਿਆ ਤਾਂ ਉਨ੍ਹਾਂ ਇਥੇ ਬਾਕਾਇਦਾ ਲੰਗਰ ਜਾਰੀ ਕਰ ਦਿੱਤਾ। ਬਾਬਾ ਬੁੱਢਾ ਜੀ ਓਸ ਬੇਰ ਹੇਠ, ਜੋ ਕਿ ਹੁਣ ਤੱਕ ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਕਾਇਮ ਹੈ ਤੇ 'ਬਾਬਾ ਬੁੱਢਾ ਜੀ ਦੀ ਬੇਰ' ਕਰਕੇ ਪ੍ਰਸਿੱਧ ਹੈ, ਗੁਰੂ ਕਾ ਲੰਗਰ ਉਹਨਾਂ ਸਿੱਖਾਂ ਸੇਵਕਾਂ ਵਿਚ ਵਰਤਾਂਦੇ, ਜੋ ਕਿ ਅੰਮ੍ਰਿਤ-ਸਰ (ਸਰੋਵਰ) ਦੀ ਖੁਦਾਈ ਦੀ ਸੇਵਾ ਕਰਦੇ ਸਨ।

ਗੁਰੂ ਕੇ ਲੰਗਰ ਵਿਖੇ ਕੇਵਲ ਸੇਵਕਾਂ ਨੂੰ ਹੀ ਨਹੀਂ, ਸਗੋਂ ਅਭਿਆਗਤਾਂ ਤੇ ਲੋੜਵੰਦਾਂ ਨੂੰ ਭੀ ਬਗੈਰ ਕਿਸੇ ਧਰਮ ਤੇ ਜ਼ਾਤ ਦੇ ਵਿਤਕਰੇ ਦੇ ਖਾਣਾ ਆਦਿ ਮਿਲਦਾ ਸੀ। ਲੰਗਰ ਹਰ ਵੇਲੇ ਜਾਰੀ ਰਹਿਣ ਦੇ ਕਾਰਨ ਇਥੋਂ ਦੀ ਅਬਾਦੀ ਦਿਨੋ-ਦਿਨ ਵਧਦੀ ਜਾਂਦੀ ਸੀ, ਅਤੇ ਆਈਆਂ ਸੰਗਤਾਂ ਦੀ ਗਿਣਤੀ ਵੀ ਬਹੁਤ ਰਹਿੰਦੀ ਸੀ।

ਅੰਮ੍ਰਿਤ ਸਰੋਵਰ ਦੀ ਖੁਦਾਈ ਵਿਚ ਕਈ ਸਿੱਖ ਤਾਂ ਸੇਵਾ-ਭਾਵ ਨਾਲ ਕੰਮ ਕਰਦੇ ਸਨ, ਪਰ ਕਈ ਦਿਹਾੜੀ-ਦਾਰਾਂ ਨੂੰ ਨਿੱਤ ਦੀ ਮਜੂਰੀ ਵੀ ਦਿੱਤੀ ਜਾਂਦੀ ਸੀ। ਏਸ ਕੰਮ ਲਈ ਤੇ ਸਤਿਗੁਰਾਂ ਦੇ ਬਾਕਾਇਦਾ ਚਲ ਰਹੇ ਲੰਗਰ ਵਾਸਤੇ ਹਰ ਰੋਜ਼ ਸੈਂਕੜੇ ਰੁਪਏ ਖ਼ਰਚ ਹੋ ਜਾਂਦੇ ਸਨ। ਰਾਮਦਾਸਪੁਰ ਤਾਂ ਅਜੇ ਇਕ ਪਿੰਡ ਹੀ ਸੀ। ਵਧੇਰੇ ਵੱਸੋਂ ਨਾ ਹੋਣ ਕਰਕੇ ਜ਼ਿਆਦਾ ਆਮਦਨ ਚੜ੍ਹਾਵੇ ਤੇ ਹੀ ਨਿਰਭਰ ਸੀ। ਕਈ ਵੇਰ ਚੜ੍ਹਾਵਾ ਚੋਖਾ ਆ ਜਾਂਦਾ, ਪਰ ਜਦ ਵਾਹੀ ਦੇ ਮੌਸਮ ਵਿਚ ਜਾਂ ਸਖ਼ਤ ਗਰਮੀ ਸਰਦੀ ਦੀ ਰੁੱਤੇ ਸੰਗਤਾਂ ਘੱਟ ਗਿਣਤੀ ਆਉਂਦੀਆਂ ਤਾਂ ਚੜ੍ਹਾਵਾ ਵੀ ਘੱਟ ਹੀ ਹੁੰਦਾ। ਇਸ ਕਾਰਨ ਸਰੋਵਰ ਦੀ ਖੁਦਾਈ ਆਦਿ ਲਈ ਜੋ ਮਜ਼ਦੂਰ ਲੱਗੇ ਹੋਏ ਸਨ, ਉਨ੍ਹਾਂ ਨੂੰ ਦਿਹਾੜੀ ਦੀ ਉਜਰਤ ਦੇਣ ਲਈ ਤੇ ਗੁਰੂ ਕੇ ਲੰਗਰ ਨੂੰ ਚਲਦਿਆਂ ਰੱਖਣ ਲਈ ਕਦੇ ਕਦੇ ਮਾਇਆ ਦੀ ਥੁੜ ਪਰਤੀਤ ਹੁੰਦੀ। ਇਕ ਵੇਰ ਬਾਬਾ ਬੁੱਢਾ ਜੀ ਤੇ ਹੋਰ ਸਿੱਖ ਸੇਵਕਾਂ ਨੇ ਸ੍ਰੀ ਰਾਮਦਾਸ ਜੀ ਨੂੰ ਬੇਨਤੀ ਕੀਤੀ ਕਿ ਸੰਗਤਾਂ ਵਧੇਰੇ ਆਉਣ ਕਰਕੇ ਲੰਗਰ ਆਦਿ ਦੇ ਪ੍ਰਬੰਧ ਲਈ ਵਧੇਰੇ ਮਾਇਆ ਦੀ ਲੋੜ ਹੋਵੇਗੀ। ਸਤਿਗੁਰੂ ਜੀ ਨੇ ਵਿਚਾਰ ਕਰਨ ਮਗਰੋਂ ਇਹ ਫ਼ੈਸਲਾ ਕੀਤਾ ਕਿ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਦੇ ਪਰਚਾਰ ਲਈ ਅਤੇ ਲੰਗਰ ਆਦਿ ਦੇ ਖ਼ਰਚਾਂ ਲਈ ਦਸਵੰਧ ਉਗਰਾਹੁਣ ਖ਼ਾਤਰ ਮਸੰਦ ਥਾਪੇ ਜਾਣ।

ਜਿਥੇ ਸਤਿਗੁਰੂ ਜੀ ਨੇ ਆਪਣਾ ਨਿੱਜੀ ਰਿਹਾਇਸ਼ੀ ਅਸਥਾਨ ਬਣਾਇਆ ਸੀ ਇਥੇ ਮਗਰੋਂ ਸ੍ਰੀ ਗੁਰੂ ਅਰਜਨ ਦੇਵ ਜੀ ਵੀ ਰਹਿੰਦੇ ਰਹੇ ਅਤੇ ਜਿਥੇ ਹੁਣ ਗੁਰਦੁਆਰਾ ਗੁਰੂ ਕੇ ਮਹਿਲ ਕਾਇਮ ਹੈ ਇਥੇ ਸਤਿਗੁਰਾਂ ਦਾ ਆਪਣਾ ਲੰਗਰ ਸੀ। ਸਤਿਗੁਰ ਜੀ ਨਿੱਤ ਸੰਗਤਾਂ ਨੂੰ ਦਰਸ਼ਨ ਦੇਣ ਲਈ, ਅੰਮ੍ਰਿਤ-ਸਰੋਵਰ ਦੀ ਕਾਰ ਸੇਵਾ ਦੇਖਣ ਲਈ ਅਤੇ ਕਈ ਵੇਰ ਆਪ ਸੇਵਾ ਕਰਨ ਲਈ ਆਉਂਦੇ। ਸੰਗਤਾਂ ਵਿਚੋਂ ਨਿਤ ਸੈਂਕੜੇ ਸ਼ਰਧਾਲੂ ਸਤਿਗੁਰਾਂ ਦੇ ਮਹਿਲੀਂ ਵੀ ਆਉਂਦੇ ਰਹਿੰਦੇ ਸਨ। ਇਥੇ ਬੀਬੀ ਭਾਨੀ ਜੀ ਵਲੋਂ ਲੰਗਰ ਦੀ ਸੇਵਾ

ਹੁੰਦੀ।

ਜਦ ਸਹਿਜੇ ਸਹਿਜੇ ਅੰਮ੍ਰਿਤ-ਸਰੋਵਰ ਦੇ ਗਿਰਦ ਇਕ ਬਾਕਾਇਦਾ ਨਗਰੀ ਵਸ ਗਈ ਤਾਂ ਸਤਿਗੁਰਾਂ ਨੇ ਆਪਣੇ ਘਰ ਤੇ ਨਿੱਜੀ ਲੰਗਰ ਲਈ ਅੰਨ ਪਾਣੀ ਆਦਿ ਦਾ ਇੰਤਜ਼ਾਮ ਆਪਣੇ ਵੱਡੇ ਬੇਟੇ ਪ੍ਰਿਥੀ ਚੰਦ ਦੇ ਸਪੁਰਦ ਕੀਤਾ ਅਤੇ ਬਾਬਾ ਬੁੱਢਾ ਜੀ ਨੂੰ ਉਹਨਾਂ ਦੀ ਨਿਗਰਾਨੀ ਕਰਨ ਲਈ ਆਗਿਆ ਕੀਤੀ ਗਈ।

ਸ੍ਰੀ ਗੁਰੂ ਰਾਮਦਾਸ ਜੀ ਦਾ ਖ਼ਾਸ ਹੁਕਮ ਸੀ ਕਿ ਸੇਵਾ ਲਈ ਹਮੇਸ਼ਾ ਤਤਪਰ ਰਹੋ। ਆਏ ਗਏ ਮੁਸਾਫ਼ਰ, ਯਾਤਰੂ ਤੇ ਅਭਿਆਗਤ ਦੀ ਸੇਵਾ ਕਰੋ ਤੇ ਲੰਗਰ ਪਾਣੀ ਪੁੱਛ ਕੇ ਦਾਤੇ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋ। ਆਪ ਦੇ ਸਮੇਂ ਕਿਵੇਂ ਸਿੱਖ ਸੰਗਤਾਂ ਜਲ-ਪਾਣੀ ਵਰਤਾ ਕੇ, ਪੱਖਾ ਝੱਲ ਕੇ, ਥੱਕੇ-ਟੁੱਟੇ ਮੁਸਾਫ਼ਰਾਂ ਦੀ ਮੁੱਠੀ-ਚਾਪੀ ਕਰ ਕੇ ਪ੍ਰਸ਼ਾਦ ਆਦਿ ਛਕਾ ਕੇ ਇਕ ਦੂਜੇ ਦੀ ਸੇਵਾ ਕਰਨ ਲਗ ਪਈਆਂ ਅਤੇ ਰਾਮਦਾਸ ਜੀ ਦੇ ਸਮੇਂ ਕਿਵੇਂ ਗ਼ਰੀਬਾਂ ਤੇ ਅਨਾਥਾਂ ਦੀ ਸਹਾਇਤਾ ਕੀਤੀ ਜਾਂਦੀ ਰਹੀ, ਇਹ ਸਤਿਗੁਰੂ ਦੀਆਂ ਕਈ ਸਾਖੀਆਂ ਤੋਂ ਸਪੱਸ਼ਟ ਹੈ।

ਇਕ ਦਿਨ ਸ੍ਰੀ ਗੁਰੂ ਰਾਮਦਾਸ ਜੀ ਆਪ ਲੰਗਰ ਵਿਚ ਚਲੇ ਗਏ। ਆਪ ਨੇ ਉਥੇ ਕੁਝ ਸਿੱਖਾਂ ਨੂੰ ਸੇਵਾ ਕਰਦਿਆਂ ਦੇਖਿਆ। ਉਹਨਾਂ ਵਿਚੋਂ ਇਕ ਸਿੱਧਾ-ਸਾਦਾ ਸਿਖ ਸੀ, ਜਿਸ ਦਾ ਨਾਮ ਸੀ ਭਾਈ ਹੰਦਾਲ। ਉਸ ਦੇ ਹੱਥ ਆਟੇ ਨਾਲ ਲਿਬੜੇ ਹੋਏ ਸਨ, ਇਸ ਲਈ ਹੱਥ ਪਿਛੇ ਕਰ ਕੇ ਗੋਡਿਆਂ ਭਾਰ ਹੋ ਕੇ ਉਹ ਸਤਿਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ।

ਸਤਿਗੁਰੂ ਜੀ ਉਸ ਦੀ ਨਿਸ਼ਕਾਮ ਸੇਵਾ, ਸੱਚੀ ਭਗਤੀ ਤੇ ਨਿਮਰ ਭਾਵ ਤੇ ਬਹੁਤ ਪ੍ਰਸੰਨ ਹੋਏ। ਖੇੜੇ ਵਿਚ ਆ ਕੇ ਸਤਿਗੁਰਾਂ ਨੇ ਫ਼ੁਰਮਾਇਆ - ਹੰਦਾਲ! ਤੂੰ ਮੇਰੇ ਚਿਤ ਨੂੰ ਬਹੁਤ ਪ੍ਰਸੰਨ ਕੀਤਾ ਹੈ। ਤੂੰ ਨਿਤ ਸੇਵਾ ਤੇ ਭਗਤੀ ਵਿਚ ਮਸਤ ਰਿਹਾ ਹੈ ਅਤੇ ਹੁਣ ਨਵੇਂ ਹੀ ਢੰਗ ਨਾਲ ਡੰਡਉਤ ਕਰ ਕੇ ਦਿਖਾਈ ਹੈ। ਤੇਰੀ ਸੇਵਾ ਤੇ ਘਾਲ ਥਾਇ ਪਈ ਹੈ। ਇੰਜ ਕਹਿ ਕੇ ਸਤਿਗੁਰਾਂ ਨੇ ਭਾਈ ਹੰਦਾਲ ਨੂੰ ਸਿਰੋਪਾ ਬਖ਼ਸ਼ਿਆ, ਜੀਵਨ-ਮੁਕਤ ਕਰ ਦਿੱਤਾ ਤੇ ਪਰਚਾਰਕ ਥਾਪਿਆ।

ਇਕ ਵਾਰ ਸੱਤ ਸਿੱਖ ਗੁਰੂ ਜੀ ਦੇ ਦਰਬਾਰ ਵਿਚ ਆਏ ਸਨ : ਧਰਮਦਾਸ, ਡੂਗਰ ਦਾਸ, ਦੀਪਾ, ਜੇਠਾ, ਸੰਸਾਰੀ, ਬੂਲਾ ਤੇ ਤੀਰਥ। ਇਨ੍ਹਾਂ ਸਤਿਗੁਰੂ ਜੀ ਅਗੇ ਬੇਨਤੀ ਕੀਤੀ : 'ਸੱਚੇ ਪਾਤਸ਼ਾਹ! ਸਾਨੂੰ ਜੀਵਨ ਸਫ਼ਲ ਕਰਨ ਦਾ ਮਾਰਗ ਦਰਸਾਓ।'

ਸਤਿਗੁਰੂ ਜੀ ਨੇ ਮਿਹਰ ਦੀ ਨਿਗਾਹ ਕੀਤੀ ਤੇ ਫਿਰ ਫ਼ੁਰਮਾਇਆ : ਮਾਣ ਦਾ ਤਿਆਗ ਕਰ ਕੇ ਨਿਰਮਾਣਤਾ ਧਾਰਨ ਕਰੋ, ਪੁੰਨ ਗ੍ਰਹਿਣ ਕਰੋ ਤੇ ਪਾਪਾਂ ਦਾ ਤਿਆਗ ਕਰੋ। ਆਪਣੀ ਸਮਰੱਥਾ ਅਨੁਸਾਰ ਸਿੱਖਾਂ ਦੀ ਸੇਵਾ ਕਰੋ। ਲੋੜਵੰਦ ਤੁਹਾਡੇ ਗ੍ਰਹਿ ਵਿਖੇ ਆਉਣ ਤਾਂ ਉਹਨਾਂ ਨੂੰ ਪ੍ਰਸ਼ਾਦ ਪਾਣੀ ਤੋਂ ਛੁੱਟ ਕਪੜਾ-ਲੱਤਾ ਵੀ ਦੇ ਕੇ ਤੋਰੋ ਤੇ ਇੰਜ ਸਤਿਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋ।

ਸ੍ਰੀ ਗੁਰੂ ਰਾਮਦਾਸ ਜੀ ਦਾ ਬਚਨ ਹੈ ਕਿ ਜਿਨ੍ਹਾਂ ਨੂੰ ਸੱਚ ਦੀ ਸੋਝੀ ਪਰਾਪਤ ਹੋਈ ਹੈ ਉਹਨਾਂ ਕੋਲ ਕਦੇ ਨਾ-ਮੁੱਕਣ ਵਾਲਾ ਖ਼ਜ਼ਾਨਾ ਹੈ। ਜੋ ਪਰਮਾਤਮਾ ਦੀ ਦਯਾ ਵਿਚ ਰਹਿ ਕੇ ਖਾਂਦੇ ਹਨ ਉਹਨਾਂ ਦਾ ਖਾਣਾ ਤਾਂ ਸਫਲ ਹੈ, ਪਰ ਜੋ ਉਸ ਨੂੰ ਵਿਸਾਰ ਦੇਂਦੇ ਹਨ ਉਹ ਹੱਥ ਟੱਡ ਕੇ ਮੰਗਦੇ ਫਿਰਦੇ ਹਨ :-

***ਇਕਨਾ ਸਚੁ ਬੁਝਾਇਓਨੁ***
***ਤਿਨਾ ਅਤੁਟ ਭੰਡਾਰ ਦੇਵਾਇਆ॥***
***ਹਰਿ ਚੇਤਿ ਖਾਹਿ ਤਿਨਾ ਸਫਲੁ ਹੈ***
***ਅਚੇਤਾ ਹਥ ਤਡਾਇਆ॥ ਅੰਗ - ੮੫***

ਬਿਹਾਗੜੇ ਕੀ ਵਾਰ ਵਿਚ ਗੁਰੂ ਰਾਮਦਾਸ ਜੀ ਦੀ ਇਕ ਪਉੜੀ ਹੈ ਜਿਸ ਨੂੰ ਕਈ ਵਾਰੀ ਲੰਗਰ ਵਰਤਾਣ ਮਗਰੋਂ ਪੜ੍ਹਿਆ ਜਾਂਦਾ ਹੈ। ਕਈ ਵਾਰੀ ਸਿਖ ਸੰਗਤਾਂ ਪੰਗਤਾਂ ਦੇ ਰੂਪ ਵਿਚ ਬੈਠੀਆਂ ਹੋਈਆਂ ਰਲ ਕੇ ਵੀ ਇਸ ਪਉੜੀ ਦਾ ਗਾਇਨ ਕਰਦੀਆਂ ਹਨ :

***ਆਪੇ ਧਰਤੀ ਆਪੇ ਹੈ ਰਾਹਕੁ, ਆਪਿ ਜੰਮਾਇ ਪੀਸਾਵੈ॥***
***ਆਪਿ ਪਕਾਵੈ ਆਪਿ ਭਾਂਡੇ ਦੇਇ ਪਰੋਸੈ,***
***ਆਪੇ ਹੀ ਬਹਿ ਖਾਵੈ॥***
***ਆਪੇ ਜਲੁ ਆਪੇ ਦੇ ਛਿੰਗਾ,***
***ਆਪੇ ਚੁਲੀ ਭਰਾਵੈ॥***
***ਆਪੇ ਸੰਗਤਿ ਸਦਿ ਬਹਾਲੈ,***
***ਆਪੇ ਵਿਦਾ ਕਰਾਵੈ॥***
***ਜਿਸ ਨੋ ਕਿਰਪਾਲੁ ਹੋਵੈ ਹਰਿ ਆਪੇ,***
***ਤਿਸ ਨੋ ਹੁਕਮੁ ਮਨਾਵੈ॥ ਅੰਗ - ੫੫●***

**ਅੰਤਮ ਸੰਦੇਸ਼ -**

ਗੁਰੂ ਰਾਮਦਾਸ ਜੀ ੧੫੭੪ ਈ: ਤੋਂ ੧੫੮੧ ਈ: ਤੱਕ ਗੁਰੂ ਰੂਪ ਹੋ, ਸ੍ਰੀ ਅੰਮ੍ਰਿਤਸਰ ਵਿਖੇ ਵਿਚਰੇ। ਅੰਮ੍ਰਿਤ-ਸਰੋਵਰ ਦੀ ਖੁਦਵਾਈ ਦਾ ਕੰਮ ਆਪ ਨੇ ਦੂਜੀ ਵੇਰ ੧੫੫੭ ਈ: ਮੁੜ ਸ਼ੁਰੂ ਕਰਾਇਆ ਤਾਂ ਬਹੁਤ ਸਾਰੇ ਸਿੱਖ ਸੇਵਕ ਇਕੱਠੇ ਕੀਤੇ ਅਤੇ ਤਾਲ ਦੀ ਖੁਦਾਈ ਬਹੁਤ ਸਰਗਰਮੀ

ਨਾਲ ਹੋਣ ਲੱਗੀ। ਗੁਰੂ ਜੀ ਜਦ ਕੰਮ ਕਰਦੇ ਜਾਂ ਕਰਾਂਉਂਦੇ ਤਾਂ ਇਕ ਬੇਰੀ ਹੇਠ ਬੈਠਿਆ ਕਰਦੇ ਸਨ। ਉਹ ਇਲੈਚੀ ਬੇਰ ਦੇ ਨਾਮ ਨਾਲ ਪ੍ਰਸਿੱਧ ਹੈ, ਕਿਉਂਕਿ ਇਸ ਨੂੰ ਛੋਟੀ ਇਲੈਚੀ ਜਿਹੇ ਨਿੱਕੇ ਨਿੱਕੇ ਬੇਰ ਲਗਦੇ ਹਨ। ਉਸ ਬੇਰੀ ਹੇਠ ਦਰਸ਼ਨੀ ਦਰਵਾਜ਼ੇ ਦੇ ਕੋਲ ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਵਿਖੇ ਆਪ ਦੀ ਯਾਦ ਵਿਚ ਹੁਣ ਛੋਟਾ ਜਿਹਾ ਗੁਰਦੁਆਰਾ ਹੈ।

ਜਦ 'ਤਾਲ' 'ਤੀਰਥ' ਬਣ ਚੁਕਾ ਤੇ 'ਨਗਰ' ਘੁੱਗ ਵੱਸ ਗਿਆ ਤਾਂ ਸਤਿਗੁਰੂ ਜੀ ਨੇ ਇਸ ਪਾਸਿਓਂ ਨਿਸਚਿੰਤ ਤੇ ਸੰਤੁਸ਼ਟ ਹੋ ਕੇ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ ਕਿ ਤੀਜੇ ਸਤਿਗੁਰੂ ਜੀ ਦੇ ਆਦੇਸ਼ ਅਨੁਸਾਰ ਸੇਵਾ ਸੰਪੂਰਨ ਹੋਈ ਹੈ। ਅੰਤ ਸਮਾਂ ਨੇੜੇ ਆਉਂਦਾ ਦੇਖ ਕੇ ਆਪ ਨੇ ਗੋਇੰਦਵਾਲ ਜਾਣ ਦੀ ਤਿਆਰੀ ਕੀਤੀ। ਨਗਰ-ਨਿਵਾਸੀ ਖੱਤ੍ਰੀਆਂ ਨੂੰ ਸੱਦ ਕੇ, ਆਪਣਾ ਇਰਾਦਾ ਦੱਸਿਆ ਤੇ ਫ਼ੁਰਮਾਇਆ -

*ਇਹ ਤੀਰਥ ਤੁਹਾਡੇ ਹਵਾਲੇ ਅਸਾਂ ਕਰਿਆ।*
*ਤੁਸੀਂ ਹੋ ਅਸਾਡੇ, ਅਸਾਂ ਤੁਸਾਂ ਨੂੰ ਆਂਦਾ ਆਪਿ॥*
*ਤੀਰਥ ਹਵਾਲੇ ਤੁਸਾਡੇ,*
*ਇਥੇ ਕੋਈ ਬਹਾਓ ਥਾਪਿ॥੨੨॥*
*ਖੱਤ੍ਰੀਆਂ ਰਲ ਕੇ ਇਹ ਬਿਨਤੀ ਉਚਾਰੀ*
*ਗਰੀਬ ਨਿਵਾਜ! ਅਸੀਂ ਹਾਂ ਖੱਤ੍ਰੀ,*
*ਨਹੀਂ ਪੂਜਾ ਦੇ ਅਧਿਕਾਰੀ*
*ਕ੍ਰਿਪਾ ਕਰ ਕੇ ਏਥੇ ਕੋਈ ਆਪਿ ਬਹਾਈਐ।*
*ਕਿਰਤਿ ਬਰਕਤਿ ਅਸਾਨੂੰ ਦੇਉ,*
*ਬਚਨ ਕੀਤਾ : 'ਚਾਉਕਾ ਪਾਇ ਹੱਟੀ ਬਹੋ।*
*ਜੋ ਚਾਹੇ, ਸੋ ਸਤਿਗੁਰੂ ਤੇ ਲਹੋ॥*

ਇਉਂ ਨਗਰ-ਨਿਵਾਸਿਆਂ ਨੂੰ ਸੰਤੋਖ ਦੇ ਕੇ ਤਾਲ ਤੀਰਥ ਦੀ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਦੇ ਕੇ ਸਤਿਗੁਰੂ ਜੀ ਸ੍ਰੀ ਅਰਜਨ ਦੇਵ ਤੇ ਸਿੱਖ ਮੁਖੀਆਂ ਨੂੰ ਨਾਲ ਲੈ ਕੇ ਚੱਕੋਂ ਵਿਦਾ ਹੋ ਗੋਇੰਦਵਾਲ ਚਲੇ ਗਏ।

ਅਗਲੇ ਹੀ, ਦਿਨ, ਸੰਗਤ ਦੇ ਸਾਹਮਣੇ, ਸ੍ਰੀ ਅਰਜਨ ਦੇਵ ਜੀ ਨੂੰ ਗੁਰੂ-ਘਰ ਦੀ ਸਾਰੀ ਮਰਯਾਦਾ ਦੱਸ ਕੇ ਸਿਖਿਆ-ਦੀਖੀਆ ਦ੍ਰਿੜ੍ਹ ਕਰਵਾ ਕੇ ਆਪਣੀ ਥਾਂ ਤੇ ਗੁਰੂ-ਗੱਦੀ ਤੇ ਬਹਾ ਦਿੱਤਾ, ਸੀਸ ਨਿਵਾਇਆ ਤੇ ਸੰਮਤ ਸੋਲ੍ਹਾਂ ਸੈ ਅਠੱਤੀ ਬਿਕ੍ਰਮੀ ਮਿਤੀ ਭਾਦਰੋਂ ਸੁਦੀ ਤੀਜ-੨ ਅੱਸੂ (੧ ਸਤੰਬਰ ੧੫੮੧) ਸ਼ੁਕਰਵਾਰ ਨੂੰ ਜੋਤੀ ਜੋਤਿ ਸਮਾ ਗਏ।

## ਸਿੱਖਾਂ ਦੇ ਉਜਾਗਰ ਭਵਿੱਖ ਦੀ ਨੀਂਹ -

ਡਾਕਟਰ ਸੱਯਦ ਮੁਹੰਮਦ ਲਤੀਫ਼ ਨੇ ਅੰਮ੍ਰਿਤਸਰ ਤੇ ਦਰਬਾਰ ਸਾਹਿਬ ਦੀ ਨੀਂਹ ਰੱਖੇ ਜਾਣ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ ਗੁਰੂ (ਰਾਮਦਾਸ) ਜੀ ਨੇ ਅੰਮ੍ਰਿਤਸਰ ਦੀ ਨੀਂਹ ਇਕ ਕੇਂਦਰੀ ਅਸਥਾਨ ਤੇ ਰੱਖ ਕੇ ਸਿੱਖਾਂ ਦਾ ਭਵਿੱਖ ਬਤੌਰ ਇਕ ਕੌਮ ਦੇ ਉਜਾਗਰ ਕਰਨ ਦੀ ਨੀਂਹ ਰੱਖੀ। ਹੁਣ ਸਿੱਖ ਇਕ ਅਜਿਹੇ ਸਾਂਝੇ ਧਰਮ-ਅਸਥਾਨ ਤੇ ਇਕੱਠੇ ਹੋਣ ਲੱਗ ਪਏ ਜਿਥੇ ਵੱਖ ਵੱਖ ਥਾਵਾਂ ਤੋਂ ਪਹੁੰਚ ਸੌਖੀ ਸੀ ਅਤੇ ਜਿਥੋਂ ਦੀ ਧਰਤੀ ਵੀ ਬੜੀ ਉਪਜਾਊ ਸੀ। ਇਹਨਾਂ ਸ਼ਾਂਤ-ਚਿੱਤ ਹੋ ਕੇ ਨੇਕ ਸੁਭਾਅ ਵਾਲੇ ਸਿੱਖਾਂ ਨੇ ਆਪਣੇ ਆਦਿ ਗੁਰੂ ਦੇ ਪਾਏ ਪੂਰਨਿਆਂ ਤੇ ਚਲਣ ਦਾ ਯਤਨ ਕਰਦੇ ਹੋਏ, ਇਕ ਸਾਂਝੇ ਭਾਈਚਾਰੇ ਦੇ ਪ੍ਰੇਮ ਤੇ ਕੌਮੀ ਸ਼ਕਤੀ ਨੂੰ ਪੱਕਿਆਂ ਕਰਨਾ ਸਿਖਣਾ ਅਰੰਭਿਆ। ਇਸ ਤਰ੍ਹਾਂ ਉਨ੍ਹਾਂ ਨੇ ਸੱਚੇ ਦੇਸ਼-ਪ੍ਰੇਮ ਦੇ ਨੇਮਾਂ ਤੇ ਇਕ ਸਾਂਝਾ ਰਾਜ ਕਾਇਮ ਕਰਨ ਲਈ ਰਸਤਾ ਪੱਧਰਾ ਕਰ ਲਿਆ।

ਗੁਰੂ ਰਾਮਦਾਸ ਜੀ ਦੇ ਜੋਤੀ ਜੋਤਿ ਸਮਾਣ ਤੋਂ ਬਾਅਦ ਪੰਜਵੇਂ ਸਤਿਗੁਰੂ ਜੀ ਨੇ ਹਰਿਮੰਦਰ ਸਾਹਿਬ ਅਤੇ ਛੇਵੇਂ ਸਤਿਗੁਰੂ ਮੀਰੀ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਕਰਵਾਈ।

ਗੁਰੂ ਸਾਹਿਬਾਂ ਤੋਂ ਲੈ ਕੇ ਹੁਣ ਤਕ ਦਰਬਾਰ ਸਾਹਿਬ ਤੇ ਅੰਮ੍ਰਿਤਸਰ ਸ਼ਹਿਰ ਨੇ ਬੜੇ ਉਤਾਰ-ਚੜ੍ਹਾ ਵੇਖੇ ਹਨ। ਅਹਿਮਦ ਸ਼ਾਹ ਅਬਦਾਲੀ ਨੇ ਜਦ ੧੭੬੧ ਈ: ਵਿਚ ਇਥੇ ਹਮਲਾ ਕੀਤਾ ਤਾਂ ਦਰਬਾਰ ਸਾਹਿਬ ਤੇ ਸ਼ਹਿਰ ਦਾ ਕਾਫ਼ੀ ਹਿੱਸਾ ਢਾਹ-ਢੇਰੀ ਕਰ ਦਿੱਤਾ। ਪਰ ਜਦ ਸਿੱਖ ਮਿਸਲਾਂ ਨੇ ਮੁੜ ਤਾਕਤ ਫੜੀ ਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਲੋਕਾਂ ਨੇ ਸੁਖ ਦਾ ਸਾਹ ਲਿਆ ਤਾਂ ਦਰਬਾਰ ਸਾਹਿਬ ਦੀ ਨਵ-ਉਸਾਰੀ ਤੇ ਸਜਾਵਟ ਵੱਲ ਬਹੁਤਾ ਧਿਆਨ ਦਿੱਤਾ ਗਿਆ। ਓਦੋਂ ਹੀ ਸੋਨੇ, ਗੱਚ, ਟੁਕੜੀ ਤੇ ਸੰਗਮਰਮਰ ਦਾ ਕੰਮ ਹੋਇਆ। ਓਸ ਸਮੇਂ ਤੋਂ ਲੈ ਕੇ ਹੁਣ ਤਕ ਸ੍ਰੀ ਗੁਰੂ ਰਾਮਦਾਸ ਜੀ ਦੀ ਇਹ ਅਮਰ ਯਾਦਗਾਰ ਕਈ ਪ੍ਰਬੰਧਕ-ਹੱਥਾਂ ਵਿਚੋਂ ਲੰਘ ਕੇ ਅਜੋਕੇ ਰੂਪ ਵਿਚ ਆਈ ਹੈ।

## ਸਰਬ ਸਾਂਝੀਵਾਲਤਾ ਦਾ ਚਿੰਨ੍ਹ, ਅੰਮ੍ਰਿਤਸਰ -

ਅੰਮ੍ਰਿਤਸਰ ਸਰਬ ਸਾਂਝੀਵਾਲਤਾ ਦਾ ਚਿੰਨ੍ਹ ਹੈ। ਇਕ ਅਜਿਹਾ ਧਰਮ-ਕੇਂਦਰ ਬਣਾ ਕੇ ਜਿਥੇ ਉਚ-ਨੀਚ, ਜਾਤ-ਪਾਤ ਜਾਂ ਧਾਰਮਕ ਵਿਤਕਰੇ ਦਾ ਕੋਈ ਸੁਆਲ ਨਹੀਂ, ਗੁਰੂ ਰਾਮਦਾਸ ਜੀ ਨੇ ਇਕ ਸਾਂਝੀ ਕੌਮੀਅਤ ਦਾ ਆਦਰਸ਼ ਪਰਚਾਰਿਆ। ਸਾਂਝੀ ਕੌਮੀਅਤ ਦੇ ਆਦਰਸ਼ ਨੂੰ ਗੁਰੂ ਅਰਜਨ ਦੇਵ ਜੀ ਨੇ ਹੋਰ ਭੀ ਪੱਕਿਆ ਕਰ ਦਿੱਤਾ, ਜਦ

ਕਿ ਉਨ੍ਹਾਂ ਇਕ ਸਾਂਝਾ ਧਰਮ-ਮੰਦਰ-ਹਰਿਮੰਦਰ ਦੇ ਰੂਪ ਵਿਚ-ਰਚ ਕੇ ਉਸ ਵਿਚ ਸਰਬ ਸਾਂਝਾ ਗ੍ਰੰਥ-ਆਦਿ ਗ੍ਰੰਥ ਦੇ ਰੂਪ ਵਿਚ-ਇਕੱਤਰ ਕੀਤੀ ਬਾਣੀ ਦਾ ਪ੍ਰਕਾਸ਼ ਕੀਤਾ। ਗੁਰੂ ਜੀ ਨੇ ਐਸਾ ਧਰਮ-ਮੰਦਰ ਬਣਾਇਆ ਜਿਸ ਦੇ ਚੌਹੀਂ ਪਾਸੀਂ ਚਾਰ ਦਰਵਾਜ਼ੇ ਰੱਖੇ ਗਏ, ਜਿਸ ਦਾ ਪਰੱਤਖ ਭਾਵ ਹੈ ਕਿ ਧਰਮ ਤੇ ਮਜ਼੍ਹਬ ਦੇ ਨਾਂ ਤੇ ਵਿਤਕਰੇ ਦੀ ਥਾਂ ਇਥੇ ਧਾਰਮਕ ਮੇਲ-ਮਿਲਾਪ ਤੇ ਪਰਸਪਰ ਪਿਆਰ ਤੇ ਜ਼ੋਰ ਦਿੱਤਾ ਗਿਆ।

ਗੁਰੂ ਕੇ ਚੱਕ ਵਿਚ ਜਿਥੇ ਸਿੱਖਾਂ ਨੇ ਡੇਰੇ ਲਾਏ ਉਥੇ ਹਿੰਦੂਆਂ ਤੇ ਮੁਸਲਮਾਨਾਂ ਨੂੰ ਭੀ ਵਸਾਇਆ ਗਿਆ। ਗੁਰੂ ਰਾਮਦਾਸ ਜੀ ਨੇ ਇਥੇ ਮੁਸਲਮਾਨਾਂ ਲਈ ਇਕ ਮਸਜਿਦ ਅਤੇ ਹਿੰਦੂਆਂ ਵਾਸਤੇ ਇਕ ਮੰਦਰ ਵੀ ਆਪਣੇ ਖਰਚੇ ਤੇ ਬਣਾਇਆ। ਇਹ ਸੀ ਸਾਂਝੀਵਾਲਤਾ ਤੇ ਭ੍ਰਾਤਰੀ-ਭਾਵ ਦੇ ਉਚੇ ਆਦਰਸ਼ ਦੀ ਝਲਕ, ਜਿਸ ਨੂੰ ਗੁਰੂ ਨਾਨਕ ਦੇਵ ਜੀ ਨੇ ਪਰਚਾਰਿਆ ਸੀ।

ਹਿੰਦੂ ਧਰਮ - ਅਸਥਾਨਾਂ ’ਤੇ ਨੀਵੀਆਂ ਜਾਤਾਂ ਦੇ ਲੋਕਾਂ ਨੂੰ ਜਾਣ ਦੀ ਆਗਿਆ ਨਹੀਂ ਸੀ। ਗੁਰੂ ਜੀ ਨੇ ਕੇਵਲ ਨਗਰ ਹੀ ਨਹੀਂ, ਸਰੋਵਰ ਵੀ ਸਭ ਲਈ ਸਾਂਝੇ ਤੌਰ ਤੇ ਬਣਾਇਆ। ਇਥੇ ਹਰ ਧਰਮ ਤੇ ਹਰ ਜਾਤ ਦੇ ਲੋਕਾਂ ਨੂੰ ਚੁੱਭੀ ਲਾਣ ਦੀ ਖੁਲ੍ਹ ਸੀ। ਜਦ ਸਰੋਵਰ ਦੀ ਖੁਦਾਈ ਹੋਈ ਤਾਂ ਗੁਰੂ ਰਾਮਦਾਸ ਜੀ ਨੇ ਆਪ ਆਪਣੇ ਪਵਿੱਤਰ ਹੱਥਾਂ ਨਾਲ ਸੇਵਾ ਕੀਤੀ ਅਤੇ ਮੁਖੀ ਸਿੱਖਾਂ ਤੇ ਸੰਗਤਾਂ ਨੇ ਹਿੱਸਾ ਪਾਇਆ। ਕਹਿੰਦੇ ਹਨ ਕਿ ਕੁਝ ਕੁ ਹਿੰਦੂ ਤੇ ਮੁਸਲਮਾਨ ਵੀ ਇਸ ਵਿਚ ਸ਼ਾਮਲ ਹੋਏ।

ਹਿੰਦੂ ਧਰਮ ਵਿਚ ਤੀਰਥਾਂ ਉਤੇ ਜਾ ਕੇ ਇਸ਼ਨਾਨ ਕਰਨ ਤੇ ਬਹੁਤ ਜ਼ੋਰ ਦਿੱਤਾ ਗਿਆ ਹੈ। ਜਦ ਕਿ ਗੁਰੂ ਜੀ ਨੇ ਮੁਕਤੀ-ਦਾਤਾ-ਤੀਰਥ ਕੇਵਲ ‘ਨਾਮ’ ਨੂੰ ਮੰਨਿਆ ਹੈ -

***ਤੀਰਥ ਨਾਵਣ ਜਾਉ ਤੀਰਥੁ ਨਾਮੁ ਹੈ।***

***ਧਨਾਸਰੀ ਮਹਲਾ ੧***

ਗੁਰੂ ਸਾਹਿਬਾਂ ਨੇ ਨਾਮ ਬਾਣੀ ਦੇ ਸਿਮਰਨ, ਭਜਨ, ਕੀਰਤਨ, ਸਤਸੰਗ ਤੇ ਸੇਵਾ ਆਦਿ ਚੰਗੇ ਗੁਣਾਂ ਦੁਆਰਾ ਜੀਵਨ ਉੱਚਿਆਂ ਕਰਨ ਦੀ ਜਾਚ ਸਿਖਾਈ, ਇਨ੍ਹਾਂ ਗੁਣਾ ਦੇ ਪ੍ਰਚਾਰ ਦਾ ਕੇਂਦਰ ਬਣਾਇਆ ਗਿਆ ਅੰਮ੍ਰਿਤਸਰ। ਇਸ ਥਾਂ ਦੀ ਰਚਨਾ ਜਿਥੇ ਸਿੱਖੀ ਆਚਰਨ ਉੱਚਿਆਂ ਕਰਨ ਲਈ ਕੀਤੀ ਗਈ ਉਥੇ ਭਾਈਚਾਰਕ ਸਮਾਨਤਾ ਨੂੰ ਭੀ ਮੁੱਖ ਰੱਖਿਆ ਗਿਆ। ਇਸ ਪ੍ਰਕਾਰ ਸ੍ਰੀ ਅੰਮ੍ਰਿਤਸਰ ਕੇਵਲ ਸਿੱਖਾਂ ਦਾ ਧਾਰਮਿਕ ਕੇਂਦਰ ਹੀ ਨਹੀਂ ਬਲਕਿ ਕੌਮੀ ਏਕਤਾ ਤੇ ਆਰਥਕ ਖੁਸ਼ਹਾਲੀ ਦੀ ਦ੍ਰਿਸ਼ਟੀ ਤੋਂ ਭੀ ਇਕ ਆਦਰਸ਼ਕ ਰਚਨਾ ਬਣ ਗਿਆ। ਗੁਰੂ ਰਾਮਦਾਸ ਜੀ ਨੇ ਇਸ ਧਰਮ - ਕੇਂਦਰ ਨੂੰ ਹਰ ਪੱਖੋਂ ਮੁੱਕਮਲ ਤੇ ਆਰਥਕ ਤੌਰ ਤੇ ਨਿਪੁੰਨ ਬਨਾਉਣ ਲਈ ਏਥੇ ਬਵੰਜਾ ਕਿੱਤਿਆਂ ਦੇ ਲੋਕ ਵਸਾਏ। ਵਖ ਵਖ ਕੰਮ ਕਰਨ ਵਾਲੇ ਇਹ ਲੋਕੀਂ ਸੈਂਕੜਿਆਂ ਦੀ ਗਿਣਤੀ ਵਿਚ ਕਸੂਰ, ਪੱਟੀ ਤੇ ਕਲਾਨੌਰ ਤੋਂ ਲਿਆਂਦੇ ਗਏ। ਇਸ ਕੰਮ ਵਾਸਤੇ ਗੁਰੂ ਜੀ ਨੇ ਬਾਬਾ ਬੁੱਢਾ, ਗੁਰੀਏ, ਰੂਪ ਰਾਮ, ਚੰਦਰ ਭਾਨ ਤੇ ਭਾਈ ਸਾਲ੍ਹੋ ਆਦਿ ਦੀ ਸਹਾਇਤਾ ਲਈ।

ਜੋ ਲੋਕੀਂ ਇਥੇ ਆ ਕੇ ਵਸੇ ਉਨ੍ਹਾਂ ਵਿਚ ਹਿੰਦੂ ਤੇ ਮੁਸਲਮਾਨ ਦੋਹਾਂ ਧਰਮਾਂ ਦੇ ਚੋਖੇ ਲੋਕੀਂ ਸਨ, ਜਿਨ੍ਹਾਂ ਵਿਚੋਂ ਕਈ ਆਪੋ ਆਪਣੇ ਕੰਮਾਂ ਵਿਚ ਬਹੁਤ ਮਾਹਰ ਸਨ। ਉਹ ਦਸਤਕਾਰੀ ਦੇ ਕੰਮਾ ਤੇ ਵੱਖ ਵੱਖ ਹੁਨਰਾਂ ਤੇ ਵਪਾਰ ਦੇ ਚੰਗੇ ਜਾਣੂ ਸਨ। ਆਰਥਕ ਪੱਖ ਤੋਂ ਅਜਿਹੇ ਬੰਦਿਆਂ ਦੀ ਲੋੜ ਸੀ ਜੋ ਕਿ ਵਪਾਰ ਦੇ ਵਾਧੇ ਤੇ ਉਪਜ ਵਿਚ ਸਹਾਈ ਹੋ ਸਕਣ। ਇਨ੍ਹਾਂ ਵਿਚ ਲੁਹਾਰ, ਤਰਖਾਣ, ਮੋਚੀ, ਜੁਲਾਹੇ, ਠਠਿਆਰ ਆਦਿ ਉਹ ਲੋਕੀਂ ਭੀ ਸਨ ਜੋ ਕਿਰਤ ਦੇ ਲਿਹਾਜ਼ ਤੋਂ ਨੀਵੇਂ ਸਮਝੇ ਜਾਂਦੇ ਸਨ। ਗੁਰੂ ਰਾਮਦਾਸ ਜੀ ਨੇ ਆਦਿ ਗੁਰੂ ਦੇ ਮਿਸ਼ਨ ਦੀ ਪੂਰਤੀ ਕਰਦਿਆਂ ਇਨ੍ਹਾਂ ਨੀਵੀਆਂ ਜਾਤੀਆਂ ਨੂੰ ਨਿਵਾਜ ਕੇ ਉੱਚਿਆਂ ਕੀਤਾ।

ਭਾਰਤ ਵਿਚ ਓਦੋਂ ਧਰਮ-ਮੰਦਰ ਤਾਂ ਬੜੇ ਸਨ ਪਰ ਉਹ ਅਜਿਹੇ ਧਰਮ-ਅਸਥਾਨ ਸਨ ਜਿਥੇ ਕਿ ਦਾਨ ਦੇ ਆਸਰੇ ਨਿਰਬਾਹ ਕਰਨ ਵਾਲੇ ਸਾਧੂ, ਪੁਜਾਰੀ ਤੇ ਬਿਹੰਗਮ ਬੈਠੇ ਰਹਿੰਦੇ ਸਨ ਅਤੇ ਕਈ ਤਾਂ ਵਿਹਲੜ ਬਣ ਕੇ ਜੀਵਨ ਹੀ ਵਿਅਰਥ ਗਵਾ ਦੇਂਦੇ। ਨਾ ਤਾਂ ਉਹ ਕੋਈ ਕਿਰਤ ਕਰਦੇ ਸਨ ਤੇ ਨਾ ਹੀ ਸਮਾਜ-ਸੁਧਾਰ ਦਾ ਕੋਈ ਕੰਮ ਹੀ। ਸਗੋਂ ਉਹ ਸਮਾਜ ਉਪਰ ਇਕ ਭਾਰ ਸਨ ਤੇ ਸਮਾਜ ਦੀਆਂ ਕਈ ਕੁਰੀਤੀਆਂ ਦਾ ਕਾਰਨ ਬਣੇ ਹੋਏ ਸਨ। ਗੁਰੂ ਜੀ ਨੇ ਸਿੱਖੀ ਦਾ ਕੇਂਦਰ ਬਣਾਣ ਤੇ ਇਥੇ ਲੋਕਾਂ ਨੂੰ ਵਸਾਣ ਵੇਲੇ ਧਰਮ ਦੀ ਕਿਰਤ ਕਰਨ ਵਾਲੇ ਗ੍ਰਿਹਸਤੀਆਂ ਨੂੰ ਤਰਜੀਹ ਦਿੱਤੀ। ਉਨ੍ਹਾਂ ਵਾਹੀ, ਵਪਾਰ ਹੁਨਰ ਤੇ ਕੰਮ ਕਰਨ ਵਾਲਿਆਂ ਨੂੰ ‘ਜੀ ਆਇਆ” ਕਿਹਾ। ਜੋ ਕਿਰਤ ਦੁਆਰਾ ਲੋਕਾਂ ਦੇ ਆਰਥਕ ਹਾਲਤ ਸੁਧਾਰਦੇ ਸਨ, ਮਿਹਨਤ ਤੇ ਮੁਸ਼ੱਕਤ ਨਾਲ ਰੋਜ਼ੀ ਕਮਾਂਦੇ ਸਨ, ਗੁਰੂ ਸਾਹਿਬਾਂ ਨੇ ਉਨ੍ਹਾਂ ਦੀ ਮਦਦ ਕੀਤੀ। ਸਪੱਸ਼ਟ ਹੈ ਕਿ ਭਗਤੀ, ਪ੍ਰੇਮ, ਸੇਵਾ ਤੇ ਆਚਰਨ ਦੀ ਉਸਾਰੀ ਦੇ ਨਾਲ ਨਾਲ ਲੋਕਾਂ ਦੀਆਂ ਨਿਤ ਦੀਆਂ ਲੋੜਾਂ ਤੇ ਆਰਥਕ ਸਮੱਸਿਆਵਾਂ ਵਲ ਵੀ ਧਿਆਨ ਦਿੱਤਾ ਗਿਆ।

ਪਰਾਧੀਨ ਰਹਿ ਕੇ ਨਿਰਬਾਹ ਕਰਨ ਵਾਲਿਆਂ ਦੇ ਵਿਚਾਰ ਕਦੇ ਸੁਤੰਤਰ ਨਹੀਂ, ਹੋ ਸਕਦੇ। ਉਨ੍ਹਾਂ ਦੇ ਆਦਰਸ਼ ਕਦੇ ਉੱਚੇ ਨਹੀਂ ਹੋ ਸਕਦੇ। ਦੂਜੇ ਦੇ ਧਨ ਤੇ ਦਾਨ ਵੱਲ ਹੀ ਨਜ਼ਰ ਰੱਖਣ ਵਾਲਾ ਵਿਹਲੜ, ਮਖੱਟੂ ਤਾਂ ਸਮਾਜ ਲਈ ਬੋਝਲ ਹੋ ਜਾਂਦਾ ਹੈ ਸਗੋਂ ਮਾਨਸਕ ਤੌਰ ਤੇ ਨਿਰਜਿੰਦ ਵੀ।

ਗੁਰੂ ਅਮਰਦਾਸ ਨੇ ਸਿੱਖਾਂ ਦੇ ਤੀਰਥ-ਅੰਮ੍ਰਿਤਸਰ ਨੂੰ ਅਜਿਹਾ ਧਾਰਮਿਕ ਕੇਂਦਰ ਬਣਨ ਤੋਂ ਬਚਾਇਆ ਅਤੇ ਇਥੋਂ ਦੇ ਵਸਨੀਕਾਂ ਨੂੰ ਸੁਤੰਤਰ ਤੌਰ ਤੇ ਰੋਜ਼ੀ ਕਮਾਣ ਵਿਚ ਸਹਾਇਤਾ ਦੇ ਕੇ ਉਨ੍ਹਾਂ ਦਾ ਉਪਜਾਊ ਤੇ ਉਸਾਰੂ ਪੱਖ ਵੀ ਉਜਾਗਰ ਕੀਤਾ।

ਧਰਮ ਖੇਤਰ ਵਿਚ ਇਕ ਪੁਰਾਣਾ ਖ਼ਿਆਲ ਇਹ ਸੀ ਕਿ ਰਿਸ਼ੀਆਂ, ਅਵਤਾਰਾਂ, ਗੁਰੂਆਂ, ਸੰਤਾਂ ਅਤੇ ਮਹਾਤਮਾ ਲੋਕਾਂ ਦਾ ਕੰਮ ਸਿਰਫ਼ ਆਤਮਕ ਉਪਦੇਸ਼ ਦੇਣਾ ਹੈ। ਇਹੋ ਕਾਰਨ ਹੈ ਕਿ ਪੁਰਾਣੇ ਸਮਿਆਂ ਵਿਚ ਰਿਸ਼ੀਆਂ ਮੁਨੀਆਂ ਜਾਂ ਆਚਾਰਯ ਲੋਕਾਂ ਅਤੇ ਧਾਰਮਕ ਆਗੂਆਂ ਨੇ ਮਨੁੱਖ ਜਾਤੀ ਨੂੰ ਕੇਵਲ ਇਕ ਪੱਖ ਤੋਂ ਹੀ ਉੱਚਿਆਂ ਕੀਤਾ ਤੇ ਉਹ ਸੀ ਪਰਮਾਰਥਕ। ਜੀਵਨ ਦੇ ਹੋਰ ਪੱਖਾਂ ਨੂੰ ਅੱਖੋਂ ਓਹਲੇ ਰੱਖਿਆ ਗਿਆ। ਪਰ ਸਿੱਖ-ਧਰਮ ਵਿਚ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਹੀ ਜ਼ਿੰਦਗੀ ਦੇ ਹੋਰ ਪਹਿਲੂਆਂ ਵਲ ਧਿਆਨ ਦਿੱਤਾ ਗਿਆ। ਕਹਿੰਦੇ ਹਨ-ਗ਼ਰੀਬੀ ਤੇ ਪਾਪ ਇਕੱਠੇ ਤੁਰਦੇ ਹਨ'। ਭਾਵ ਇਹ ਕਿ ਗ਼ਰੀਬੀ ਤੇ ਭੁੱਖ ਨਾਲ ਮਰਦੇ ਇਨਸਾਨ ਜੁਰਮ ਵਲ ਪ੍ਰੇਰੇ ਜਾਂਦੇ ਹਨ। ਮਨੁੱਖ ਨੂੰ ਅਜਿਹੀ ਗਿਰਾਵਟ ਤੇ ਮੰਗਣ ਦੀ ਪੈੜੀ ਵਾਦੀ ਤੋਂ ਬਚਾਉਣ ਲਈ ਗੁਰੂ ਰਾਮਦਾਸ ਜੀ ਨੇ ਆਤਮਕ ਉੱਚਤਾ, ਸਮਾਜਕ ਤੇ ਭਾਈਚਾਰਕ ਸਾਂਝ ਦੇ ਨਾਲ ਨਾਲ ਆਰਥਕ ਉਸਾਰੀ ਤੇ ਸ੍ਵੈ-ਸੰਪੂਰਨਤਾ ਦੀ ਵੀ ਪ੍ਰੇਰਨਾ ਕੀਤੀ। ਸ੍ਰੀ ਗੁਰੂ ਰਾਮਦਾਸ ਜੀ ਦੇ ਗੁਣ ਬੇਅੰਤ ਹਨ ਤੇ ਅਕਥਨੀਯ ਹਨ। ਸਾਡੀ ਸੋਚ ਤੇ ਕਲਮ ਵਿਚ ਇਤਨੀ ਤਾਕਤ ਨਹੀਂ ਕਿ ਸਤਿਗੁਰੂ ਜੀ ਦੇ ਸਾਰੇ ਗੁਣ ਬਿਆਨ ਕਰ ਸਕੀਏ। ਗੁਣਾਂ ਦੇ ਖ਼ਜ਼ਾਨੇ ਸੋਢੀ ਸੁਲਤਾਨ ਦੀ ਇਕ ਬਹੁਮੁੱਲੀ ਦੇਣ ਹੈ - 'ਅੰਮ੍ਰਿਤਸਰ ਸਿਫ਼ਤੀ ਦਾ ਘਰ'। ਆਪ ਦੀ ਇਹ ਆਦਰਸ਼ ਰਚਨਾ ਹੁਣ ਤਕ ਕਾਇਮ ਹੈ ਜੋ ਕਿ ਆਪ ਦੀ ਅਮਰ ਯਾਦਗਾਰ ਹੈ। ਇਥੇ ਨਿਤ ਨਵੇਂ ਸੂਰਜ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਸ਼ਰਧਾ ਤੇ ਉਤਸ਼ਾਹ ਨਾਲ ਆਉਂਦੀਆਂ ਹਨ ਤੇ ਮਨ ਉਤੇ ਆਤਮਕ ਸ਼ਾਂਤੀ ਲੈ ਕੇ ਪਰਤਦੀਆਂ ਹਨ।

*ਧੰਨ ਧੰਨ ਰਾਮਦਾਸ ਗੁਰੁ,*
*ਜਿਨਿ ਸਿਰਿਆ ਤਿਨੈ ਸਵਾਰਿਆ॥*
*ਪੂਰੀ ਹੋਈ ਕਰਾਮਾਤਿ*
*ਆਪਿ ਸਿਰਜਣਹਾਰੈ ਧਾਰਿਆ॥*
*ਸਿਖੀ ਅਤੈ ਸੰਗਤੀ*
*ਪਾਰਬ੍ਰਹਮੁ ਕਰਿ ਨਮਸਕਾਰਿਆ॥*
*ਅਟਲੁ ਅਥਾਹੁ ਅਤੋਲੁ ਤੂ*
*ਤੇਰਾ ਅੰਤੁ ਨ ਪਾਰਾਵਾਰਿਆ॥*
*(ਸਤੇ ਬਲਵੰਡ ਦੀ ਵਾਰ)*

*(ਪੰਨਾ 9 ਦੀ ਬਾਕੀ)*

੧੫੭੦ ਈ: ਵਿਚ ਗੁਰੂ-ਆਗਿਆ ਅਨੁਸਾਰ ਅੰਮ੍ਰਿਤਸਰ ਨਗਰ ਦੀ ਨੀਂਹ ਰਖੀ ਤੇ ੧੫੭੩ ਵਿਚ ਅੰਮ੍ਰਿਤ-ਸਰੋਵਰ ਦਾ ਟੱਕ ਲਾਇਆ।

੧੫੭੪ ਈਸਵੀ ਵਿਚ ਗੁਰੂ ਅਮਰਦਾਸ ਜੀ ਆਪ ਨੂੰ ਗੁਰਗੱਦੀ ਸੌਂਪ ਕੇ ਜੋਤੀ ਜੋਤਿ ਸਮਾ ਗਏ। ਸ੍ਰੀ ਅੰਮ੍ਰਿਤਸਰ ਵਿਖੇ ਆਪਣੀ ਗੁਰਤਾ ਦੇ ਸਮੇਂ ਵਿਚ ਆਪ ਜੀ ਨੇ ਕਈ ਮਹਾਨ ਕਾਰਜ ਕੀਤੇ,ਜਿਹਾ ਕਿ -

(ੳ) ਸ੍ਰੀ ਅੰਮ੍ਰਿਤ-ਸਰੋਵਰ ਦਾ ਪੂਰਨ-ਤਾਲ ਖੁਦਵਾਇਆ।

(ਅ) ਸ੍ਰੀ ਅੰਮ੍ਰਿਤ-ਸਰੋਵਰ ਦੇ ਆਲੇ-ਦੁਆਲੇ ਵੱਖ ਵੱਖ ਹੁਨਰਾਂ ਵਾਲੇ ਅਨੇਕਾਂ ਕਿਰਤੀ, ਕਾਮੇ ਤੇ ਵਪਾਰੀ ਲੋਕਾਂ ਨੂੰ ਲਿਆ ਕੇ ਵਸਾਇਆ।

(ੲ) ਆਪ ਜੀ ਨੇ ਵੈਰਾਗ-ਮਈ ਬਾਣੀ ਦੀ ਰਚਨਾ ਕਰ ਕੇ ਗੁਰਬਾਣੀ-ਭੰਡਾਰ ਵਿਚ ਅਨੇਕਾਂ ਰਤਨ ਪ੍ਰੋਤੇ। ਆਪ ਜੀ ਦੇ ਰਚਿਤ ਛੰਦ ਅਤੇ ਛੱਕੇ, ਰੋਜ਼ਾਨਾ ਆਸਾ ਦੀ ਵਾਰ ਸਲੋਕਾਂ ਪਉੜੀਆਂ ਦੇ ਨਾਲ ਸੰਗਤਾਂ ਅੰਮ੍ਰਿਤ-ਵੇਲੇ ਗਾਇਨ ਕਰਦੀਆਂ ਤੇ ਰਸ ਮਾਣਦੀਆਂ ਹਨ। ਖ਼ਾਸ ਕਰਕੇ ਆਪ ਜੀ ਦੀ ਰਚਿਤ ਬਾਣੀ ਬਿਲਾਵਲ, ਨਟ, ਕਾਨ੍ਹੜਾ ਤੇ ਕਲਿਆਨ ਰਾਗਾਂ ਵਿਚ ਹੈ।

(ਸ) ਆਪ ਜੀ ਨੇ ਕਈ ਰਾਗਾਂ ਤੇ ਕਈ ਨਵੇਂ ਕਾਵਿ-ਰੂਪਾਂ ਵਿਚ ਇਲਾਹੀ ਬਾਣੀ ਦੀ ਰਚਨਾ ਕੀਤੀ।

ਆਪ ਜੀ ਨੇ ਆਪਣੀ ਸਰੀਰਕ ਯਾਤਰਾ ਦੇ ਅੰਤਲੇ ਦਿਨ ਸ੍ਰੀ ਗੋਇੰਦਵਾਲ ਵਿਖੇ ਬਿਤਾਏ ਅਤੇ ਇਥੇ ਹੀ ਆਪਣੇ ਛੋਟੇ ਸਪੁੱਤਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ੧੫੮੧ ਵਿਚ ਗੁਰਗੱਦੀ ਤੇ ਬਿਰਾਜਮਾਨ ਕਰ ਕੇ ਜੋਤੀ ਜੋਤਿ ਸਮਾ ਗਏ।

# ਗੁਰੂ ਰਾਮਦਾਸ ਜੀ ਦੀ ਬਾਣੀ ਵਿੱਚ 'ਗੁਰੂ-ਪ੍ਰੀਤ' ਦਾ ਸੰਕਲਪ

*(ਪ੍ਰਿੰ. ਕੁਲਦੀਪ ਸਿੰਘ ਜੀ ਹਉਰਾ)*

ਗੁਰੂ ਰਾਮਦਾਸ ਜੀ ਨੂੰ ਗੁਰੂ ਬਣਨ ਤੋਂ ਪਹਿਲਾਂ ਵੀ ਆਪਣੀ ਅਵਸਥਾ ਦਾ ਸਦਾ ਹੀ ਅਹਿਸਾਸ ਰਿਹਾ ਤੇ ਉਨ੍ਹਾਂ ਨੇ ਮਿਲੀ ਵਡਿਆਈ ਦੇ ਸ਼ੁਕਰਾਨੇ ਵਜੋਂ ਜੋ ਕੁਛ ਆਖਿਆ, ਉਹ ਇਕ ਮਹਾਨ ਵਿਅਕਤੀ ਦੇ ਵਿਅਕਤਿਤਵ ਦਾ ਮਹਾਨ ਪ੍ਰਮਾਣ ਹੈ। ਉਨ੍ਹਾਂ ਦਾ ਇਹ ਵਾਕ ਹਿਰਦਿਆਂ ਵਿਚ ਧੂਹ ਪਾਉਂਦਾ ਜਾਂਦਾ ਹੈ -

*ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ*
*ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥੪॥੪੯॥*
*ਅੰਗ - ੧੬੭*

ਗੁਰੂ ਰਾਮਦਾਸ ਜੀ ਦੇ ਮਨ ਉਤੇ ਗੁਰੂ ਅਮਰਦਾਸ ਜੀ ਦੇ ਮੇਲ ਦਾ ਐਸਾ ਪ੍ਰਭਾਵ ਪਿਆ ਕਿ ਉਹ ਵਿਸਮਾਦ ਤੇ ਅਸਚਰਜਤਾ ਦੀ ਦਸ਼ਾ ਵਿੱਚ ਕਹਿ ਉਠੇ -

*ਤੁਮਰੇ ਗੁਣ ਕਿਆ ਕਹਾ ਮੇਰੇ ਸਤਿਗੁਰਾ,*
*ਜਬ ਗੁਰੁ ਬੋਲਹ ਤਬ ਬਿਸਮੁ ਹੋਇ ਜਾਇ॥੩॥"੪੯॥*
*ਅੰਗ - ੧੬੭*

ਗੁਰੂ ਰਾਮਦਾਸ ਜੀ ਦੀ ਨਜ਼ਰ ਵਿਚ ਗੁਰੂ ਅਕਾਲ ਪੁਰਖ ਹੈ, ਉਸ ਦਾ ਨਾਂ ਕੁਝ ਵੀ ਹੋ ਸਕਦਾ ਹੈ ਪਰ ਗੁਣਾਂ ਕਰਕੇ ਉਹ ਕਾਲ-ਕੰਟਕ ਨੂੰ ਮਾਰਨ ਵਾਲਾ, ਕਰਮਾਂ ਦਾ ਫਲ ਦੇਣ ਵਾਲਾ, ਅੰਗਣਹਾਰਿਆਂ ਦਾ ਵੀ ਭਲਾ ਕਰਨ ਵਾਲਾ ਤੇ ਬਖਸ਼ਿੰਦ ਹੈ। ਉਨ੍ਹਾਂ ਦੀ ਬਾਣੀ ਵਿੱਚ ਇਸ ਪ੍ਰਥਾਇ ਕੁਝ ਤੁਕਾਂ ਇਸ ਤਰ੍ਹਾਂ ਹਨ -

*ਸਤਿਗੁਰੂ ਕਾ ਖੜਗੁ ਸੰਜੋਉ ਹਰਿ ਭਗਤਿ ਹੈ,*
*ਜਿਤੁ ਕਾਲੁ ਕੰਟਕੁ ਮਾਰਿ ਵਿਡਾਰਿਆ॥੨॥੨੧॥*
*ਅੰਗ - ੩੧੨*

*ਸਤਿਗੁਰੂ ਧਰਤੀ ਧਰਮ ਹੈ ਤਿਸੁ ਵਿਚਿ*
*ਜੇਹਾ ਕੋ ਬੀਜੇ ਤੇਹਾ ਫਲੁ ਪਾਏ॥੧॥੭॥ਅੰਗ - ੩੦੨*

*ਸਤਿਗੁਰੁ ਸਭਨਾ ਦਾ ਭਲਾ ਮਨਾਇਦਾ,*
*ਤਿਸ ਦਾ ਬੁਰਾ ਕਿਉ ਹੋਇ॥੨॥੪॥ ਅੰਗ - ੩੦੨*

*ਜੇ ਗੁਰ ਕੀ ਸਰਣੀ ਫਿਰਿ ਓਹੁ ਆਵੈ,*
*ਤਾ ਪਿਛਲੇ ਅਉਗਣ ਬਖਸਿ ਲਇਆ॥੨॥੧੩॥*
*ਅੰਗ - ੩੦੭*

ਗੁਰੂ ਰਾਮਦਾਸ ਜੀ ਗੁਰੂ ਦੀ ਪ੍ਰਸੰਸਾ ਕਰਦੇ ਤੇ ਉਸ ਦੇ ਗੁਣ ਵਰਣਨ ਕਰਦੇ ਹੋਏ ਵਿਸਮਾਦ ਦੀ ਹਾਲਤ ਵਿੱਚ ਚਲੇ ਜਾਂਦੇ ਹਨ ਤੇ ਵਾਹੁ ਵਾਹੁ ਕਰਦੇ ਹੋਏ ਫੁਰਮਾਂਦੇ ਹਨ-

*ਵਾਹੁ ਵਾਹੁ ਸਤਿਗੁਰੁ ਪੁਰਖੁ ਹੈ ਜਿਨਿ ਸਚੁ ਜਾਤਾ ਸੋਇ॥*
*ਜਿਤੁ ਮਿਲਿਐ ਤਿਖ ਉਤਰੈ ਤਨੁ ਮਨੁ ਸੀਤਲੁ ਹੋਇ॥*
*ਵਾਹੁ ਵਾਹੁ ਸਤਿਗੁਰੁ ਸਤਿ ਪੁਰਖੁ ਹੈ, ਜਿਸ ਨੋ ਸਮਤੁ ਸਭ ਕੋਇ॥*
*ਵਾਹੁ ਵਾਹੁ ਸਤਿਗੁਰੁ ਨਿਰਵੈਰੁ ਹੈ, ਜਿਸੁ ਨਿੰਦਾ ਉਸਤਤਿ ਤੁਲਿ ਹੋਇ॥*
*ਵਾਹੁ ਵਾਹੁ ਸਤਿਗੁਰੁ ਸੁਜਾਣੁ ਹੈ ਜਿਸੁ ਅੰਤਰਿ ਬ੍ਰਹਮੁ ਵੀਚਾਰੁ॥*
*ਵਾਹੁ ਵਾਹੁ ਸਤਿਗੁਰੁ ਨਿਰੰਕਾਰੁ ਹੈ ਜਿਸੁ ਅੰਤੁ ਨ ਪਾਰਾਵਾਰੁ॥*
*ਵਾਹੁ ਵਾਹੁ ਸਤਿਗੁਰੂ ਹੈ ਜਿ ਸਚੁ ਦ੍ਰਿੜਾਏ ਸੋਇ॥*
*ਨਾਨਕ ਸਤਿਗੁਰ ਵਾਹੁ ਵਾਹੁ ਜਿਸ ਤੇ ਨਾਮੁ ਪਰਾਪਤਿ ਹੋਇ॥੨॥ ਅੰਗ - ੧੪੨੧*

ਸ੍ਰੀ ਗੁਰੂ ਰਾਮਦਾਸ ਜੀ ਨੂੰ ਆਪਣੇ ਸਤਿਗੁਰੂ ਉਤੇ ਕਮਾਲ ਦਾ ਭਰੋਸਾ ਹੈ। ਉਹ ਸਮਝਦੇ ਹਨ ਕਿ ਕੇਵਲ ਸਤਿਗੁਰੂ ਹੀ ਮਨੁੱਖ ਦੀ ਵੇਦਨਾ ਜਾਣਦਾ ਤੇ ਸਮਝਦਾ ਹੈ। ਮੱਨੁਖ ਦੇ ਆਪਣੇ ਹੱਥ-ਵਸ ਕੁਝ ਵੀ ਨਹੀਂ। ਕਰਨ ਕਾਰਨ ਸਮਰੱਥ ਗੁਰੂ ਆਪ ਹੈ ਤੇ ਉਸ ਦਾ ਕੀਤਾ ਹੀ ਸਭ ਕੁਝ ਹੁੰਦਾ ਹੈ। ਹੇਠਲੀਆਂ ਤੁਕਾਂ ਇਸ ਸਚਾਈ ਦੀ ਉਗਾਹੀ ਭਰਦੀਆਂ ਹਨ -

*ਮੇਰੇ ਸਾਹਾ ਮੈ ਹਰਿ ਦਰਸਨ ਸੁਖੁ ਹੋਇ॥*
*ਹਮਰੀ ਬੇਦਨਿ ਤੂ ਜਾਨਤਾ ਸਾਹਾ, ਅਵਰੁ ਕਿਆ ਜਾਨੈ ਕੋਇ॥ਰਹਾਉ॥੧੩॥ ਅੰਗ - ੬੭੦*

*ਭਾਈ ਮਤ ਕੋਈ ਜਾਣਹੁ ਕਿਸੀ ਕੈ ਕਿਛੁ ਹਾਥਿ ਹੈ, ਸਭ*

*ਕਰੇ ਕਰਾਇਆ॥੪॥੫੧॥ ਅੰਗ - ੧੬੮*

*ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ,*
*ਜਿਉ ਭਾਵੈ ਤਿਵੈ ਬਖਸਿ॥੧॥ਰਹਾਉ॥੨੪॥*
*ਅੰਗ - ੭੩੬*

ਜੇ ਗੁਰੂ ਸਰਬ ਕਲਾ ਸਮਰੱਥ ਹੈ ਤਾਂ ਉਸ ਉਤੇ ਯਕੀਨ ਲਿਆਉਣ ਵਾਲੇ ਦਾ ਵੀ ਕਰਤਵ ਹੈ ਕਿ ਉਹ ਆਪਣੇ ਤੇ ਗੁਰੂ ਦੇ ਵਿਚਕਾਰ ਕੋਈ ਰੁਕਾਵਟ ਆਉਣ ਨਾ ਦੇਵੇ ਤੇ ਸਭ ਰੋਕਾਂ ਮੁਸ਼ਕਲਾਂ ਦਾ ਟਾਕਰਾ ਕਰਦਾ ਆਪਣੇ ਮੁਰਸ਼ਦ ਦੇ ਦੀਦਾਰ ਲਈ ਉਸ ਦੇ ਚਰਨਾਂ ਵਿੱਚ ਪੁੱਜੇ। ਇਹ ਵਿਚਾਰ ਇਸ ਤਰ੍ਹਾਂ ਪੇਸ਼ ਕੀਤਾ ਹੈ -

*ਝਖੜੁ ਝਾਗੀ ਮੀਹੁ ਵਰਸੈ।*
*ਭੀ ਗੁਰੁ ਦੇਖਣ ਜਾਈ॥੧੩॥*
*ਸਮੁੰਦੁ ਸਾਗਰੁ ਹੋਵੈ ਬਹੁ ਖਾਰਾ*
*ਗੁਰਸਿਖੁ ਲੰਘਿ ਗੁਰ ਪਹਿ ਜਾਈ॥੧੪॥*
*ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ,*
*ਤਿਉ ਸਿਖੁ ਗੁਰ ਬਿਨੁ ਮਰਿ ਜਾਈ॥੧੫॥*
*ਜਿਉ ਧਰਤੀ ਸੋਭ ਕਰੇ ਜਲੁ ਬਰਸੈ,*
*ਤਿਉ ਸਿਖੁ ਗੁਰ ਮਿਲਿ ਬਿਗਸਾਈ॥੧੬॥*
*ਅੰਗ - ੭੫੭-੫੮*

ਪ੍ਰਭੂ-ਮਿਲਾਪ ਤੋਂ ਪੈਦਾ ਹੋਈ ਦਸ਼ਾ ਦਾ ਪਤਾ ਉਨ੍ਹਾਂ ਦੀਆਂ ਹੇਠ ਲਿਖੀਆਂ ਤੁਕਾਂ ਤੋਂ ਲਗਦਾ ਹੈ। ਗੁਰੂ ਸਾਹਿਬ ਉਸ 'ਸੁੰਦਰ ਮੋਹਨ' ਦੇ ਦਰਸ਼ਨ ਕਰਦਿਆਂ ਇੰਨੇ ਵਿਸਮਾਦ ਵਿੱਚ ਆ ਜਾਂਦੇ ਹਨ ਕਿ ਮਨ ਦੀ 'ਸੁਧਿ ਬੁਧਿ' ਵਿਸਾਰ ਕੇ 'ਲੋਟ ਪੋਟ' ਹੋ ਪੈਂਦੇ ਹਨ -

*ਗੁਰੁ ਸੁੰਦਰੁ ਮੋਹਨੁ ਪਾਇ ਕਰੇ,*
*ਹਰਿ ਪ੍ਰੇਮ ਬਾਣੀ ਮਨੁ ਮਾਰਿਆ॥*
*ਮੇਰੈ ਹਿਰਦੈ ਸੁਧਿ ਬੁਧਿ ਵਿਸਰਿ ਗਈ,*
*ਮਨ ਆਸਾ ਚਿੰਤ ਵਿਸਾਰਿਆ॥*
*ਮੈ ਅੰਤਰਿ ਵੇਦਨ ਪ੍ਰੇਮ ਕੀ,*
*ਗੁਰ ਦੇਖਤ ਮਨੁ ਸਾਧਾਰਿਆ॥*
*ਵਡਭਾਗੀ ਪ੍ਰਭ ਆਇ ਮਿਲੁ ਜਨੁ ਨਾਨਕੁ ਖਿਨੁ ਖਿਨੁ ਵਾਰਿਆ॥੪॥੧॥੫॥ ਅੰਗ - ੭੭੬*

ਅਤੇ

*ਰਾਮ ਗੁਰਿ ਮੋਹਨਿ ਮੋਹਿ ਮਨੁ ਲਈਆ॥*
*ਹਉ ਆਕਲ ਬਿਕਲ ਭਈ ਗੁਰ ਦੇਖੇ,*
*ਹਉ ਲੋਟ ਪੋਟ ਹੋਇ ਪਈਆ॥੧॥ਰਹਾਉ॥੮॥*
*ਅੰਗ - ੮੩੬*

ਛੰਦਾਂ ਵਿੱਚ ਗੁਰੂ ਜੀ ਦੇ ਪ੍ਰੇਮ ਦਾ ਅਨੰਦ, ਪ੍ਰੇਮ ਦੀ ਕਸਕ, ਸਿੱਕ, ਨਿਮਰਤਾ ਤੇ ਬਿਹਬਲਤਾ ਵੇਖਣ ਵਾਲੀ ਹੈ। ਗੁਰੂ-ਪਿਆਰ ਦੀ ਤੀਖਣਤਾ ਤੇ ਗੁਰੂ-ਮਿਲਾਪ ਲਈ ਬਿਹਬਲਤਾ ਹੇਠ ਲਿਖੇ ਛੰਦਾਂ ਅੰਦਰ ਦੇਖਣ ਯੋਗ ਹੈ -

*ਪਿਰ ਰਤਿਅੜੇ ਮੈਡੇ ਲੋਇਣ ਮੇਰੇ ਪਿਆਰੇ,*
*ਚਾਤ੍ਰਿਕ ਬੂੰਦ ਜਿਵੈ॥*
*ਮਨੁ ਸੀਤਲੁ ਹੋਆ ਮੇਰੇ ਪਿਆਰੇ, ਹਰਿ ਬੂੰਦ ਪੀਵੈ॥*
*ਤਨਿ ਬਿਰਹੁ ਜਗਾਵੈ ਮੇਰੇ ਪਿਆਰੇ,*
*ਨੀਦ ਨ ਪਵੈ ਕਿਵੈ॥*
*ਹਰਿ ਸਜਣੁ ਲਧਾ ਮੇਰੇ ਪਿਆਰੇ,*
*ਨਾਨਕ ਗੁਰੂ ਲਿਵੈ॥੩॥੨੧॥ ਅੰਗ - ੪੫੨*

*ਗੁਰਮੁਖਿ ਪਿਆਰੇ ਆਇ ਮਿਲੁ*
*ਮੈ ਚਿਰੀ ਵਿਛੁੰਨੇ ਰਾਮ ਰਾਜੇ॥*
*ਮੇਰਾ ਮਨੁ ਤਨੁ ਬਹੁਤੁ ਬੈਰਾਗਿਆ,*
*ਹਰਿ ਨੈਣ ਰਸਿ ਭਿੰਨੇ॥*
*ਮੈ ਹਰਿ ਪ੍ਰਭੁ ਪਿਆਰਾ ਦਸਿ ਗੁਰੁ,*
*ਮਿਲਿ ਹਰਿ ਮਨੁ ਮੰਨੇ॥*
*ਹਉ ਮੂਰਖੁ ਕਾਰੈ ਲਾਈਆ,*
*ਨਾਨਕ ਹਰਿ ਕੰਮੇ॥੩॥੧੬॥ ਅੰਗ - ੪੪੯*

*ਹਮ ਬਾਰਿਕ ਮੁਗਧ ਇਆਨ ਪਿਤਾ ਸਮਝਾਵਹਿਗੇ॥*
*ਸੁਤੁ ਖਿਨੁ ਖਿਨੁ ਭੂਲਿ ਬਿਗਾਰਿ, ਜਗਤ ਪਿਤ ਭਾਵਹਿਗੇ॥੧॥*
*ਜੋ ਹਰਿ ਸੁਆਮੀ ਤੁਮ ਦੇਹੁ ਸੋਈ ਹਮ ਪਾਵਹਗੇ॥*
*ਮੋਹਿ ਦੂਜੀ ਨਾਹੀ ਠਉਰ ਜਿਸੁ ਪਹਿ ਹਮ ਜਾਵਹਗੇ ॥੨॥੬॥ ਅੰਗ - ੧੩੨੧*

ਪੂਰੇ ਸਤਿਗੁਰੂ ਦੇ ਮਿਲਾਪ ਤੇ ਦਰਸ਼ਨਾਂ ਲਈ ਤੜਪ ਉਦੋਂ ਸਿਖਰਾਂ ਉਤੇ ਪੁੱਜੀ ਦਿਸਦੀ ਹੈ, ਜਦੋਂ ਗੁਰੂ ਸਾਹਿਬ ਆਪਣਾ ਸਰੀਰ ਤਕ ਅਰਪਨ ਕਰਨ ਨੂੰ ਤਿਆਰ ਹੋ ਜਾਂਦੇ ਹਨ। ਆਪ ਦਾ ਕਥਨ ਹੈ -

*ਕੋਈ ਆਣਿ ਕੋਈ ਆਣਿ ਮਿਲਾਵੈ,*
*ਮੇਰਾ ਸਤਿਗੁਰੁ ਪੂਰਾ ਰਾਮ॥*
*ਹਉ ਮਨੁ ਤਨੁ ਹਉ ਮਨੁ ਤਨੁ ਦੇਵਾ,*
*ਤਿਸੁ ਕਾਟਿ ਸਰੀਰਾ ਰਾਮ॥*
*ਹਉ ਮਨੁ ਤਨੁ ਕਾਟਿ ਕਾਟਿ ਤਿਸੁ ਦੇਈ,*
*ਜੋ ਸਤਿਗੁਰ ਬਚਨ ਸੁਣਾਏ॥*
*ਮੇਰੈ ਮਨਿ ਬੈਰਾਗੁ ਭਇਆ ਬੈਰਾਗੀ,*
*ਮਿਲਿ ਗੁਰ ਦਰਸਨਿ ਸੁਖੁ ਪਾਏ॥*
*ਹਰਿ ਹਰਿ ਕ੍ਰਿਪਾ ਕਰਹੁ ਸੁਖਦਾਤੇ,*
*ਦੇਹੁ ਸਤਿਗੁਰ ਚਰਨ ਹਮ ਧੂਰਾ॥*
*ਕੋਈ ਆਣਿ ਕੋਈ ਆਣਿ ਮਿਲਾਵੈ,*
*ਮੇਰਾ ਸਤਿਗੁਰੁ ਪੂਰਾ॥੩॥੧॥ ਅੰਗ - ੫੭੨*

ਗੁਰੂ ਰਾਮਦਾਸ ਜੀ ਦੀ ਬਾਣੀ ਵਿਚ-ਬਹੁਤ ਸਾਰੀਆਂ ਉਦਾਹਰਣਾਂ ਐਸੀਆਂ ਮਿਲਦੀਆਂ ਹਨ ਜਿਥੇ ਉਹਨਾਂ ਨੇ ਆਪਣੇ ਪ੍ਰੀਤਮ ਵਾਸਤੇ ਹਰਿ, ਪ੍ਰੀਤਮ, ਮਿੱਤਰ, ਸਖਾ, ਗੁਰੂ

ਆਦਿ ਸ਼ਬਦਾਂ ਦਾ ਪ੍ਰਯੋਗ ਕਰਦਿਆਂ ਹੋਇਆਂ, ਉਸ ਦੇ ਦਰਸ਼ਨਾਂ ਦੀ ਸਿੱਕ ਪ੍ਰਗਟਾਈ ਹੈ, ਜਿਵੇਂ -

*ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ,*
*ਜਿਉ ਤ੍ਰਿਖਾਵੰਤੁ ਬਿਨੁ ਨੀਰ॥੧॥*
*ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ॥*
*ਹਮਰੀ ਬੇਦਨ ਹਰਿ ਪ੍ਰਭੁ ਜਾਨੈ,*
*ਮੇਰੇ ਮਨ ਅੰਤਰ ਕੀ ਪੀਰ॥੧॥ਰਹਾਉ॥੬॥*
*ਅੰਗ - ੮੬੧*

*ਆਉ ਸਖੀ ਹਰਿ ਮੇਲੁ ਕਰੇਹਾ॥*
*ਮੇਰੇ ਪ੍ਰੀਤਮ ਕਾ ਮੈ ਦੇਇ ਸਨੇਹਾ॥*
*ਮੇਰਾ ਮਿਤ੍ਰੁ ਸਖਾ ਸੋ ਪ੍ਰੀਤਮੁ ਭਾਈ,*
*ਮੈ ਦਸੇ ਹਰਿ ਨਰਹਰੀਐ ਜੀਉ॥੨॥*
*ਮੇਰੀ ਬੇਦਨ ਹਰਿ ਗੁਰੁ ਪੂਰਾ ਜਾਣੈ॥*
*ਹਉ ਰਹਿ ਨ ਸਕਾ ਬਿਨੁ ਨਾਮ ਵਖਾਣੇ॥ ਅੰਗ - ੯੫*

*ਆਵਹੁ ਭੈਣੇ ਤੁਸੀ ਮਿਲਹੁ ਪਿਆਰੀਆ॥*
*ਜੋ ਮੇਰਾ ਪ੍ਰੀਤਮੁ ਦਸੇ ਤਿਸ ਕੈ ਹਉ ਵਾਰੀਆ॥੧॥੭॥*
*ਅੰਗ - ੯੬*

*ਮੇਰੈ ਮਨਿ ਤਨਿ ਪ੍ਰੇਮੁ ਲਗਾ ਹਰਿ ਬਾਣੁ ਜੀਉ॥*
*ਮੇਰਾ ਪ੍ਰੀਤਮੁ ਮਿਤ੍ਰੁ ਹਰਿ ਪੁਰਖੁ ਸੁਜਾਣੁ ਜੀਉ॥੨॥੭●॥*
*ਅੰਗ - ੧੭੫*

ਵਿਕਾਰਾਂ ਤੋਂ ਛੁਟਕਾਰੇ ਲਈ, ਆਪਣੇ ਗੁਰੂ ਤੋਂ ਅਗਵਾਈ ਮੰਗਣ ਵਾਸਤੇ ਸ੍ਰੀ ਗੁਰੂ ਰਾਮਦਾਸ ਜੀ ਨੇ ਪਿਤਾ-ਪੁੱਤਰ ਦਾ ਬਿੰਬ ਬੜਾ ਖੂਬਸੂਰਤੀ ਨਾਲ ਵਰਤਿਆ ਹੈ -

*ਜਿਉ ਭਾਵੈ ਤਿਉ ਰਾਖਿ ਲੈ,*
*ਹਮ ਸਰਣਿ ਪ੍ਰਭ ਆਏ ਰਾਮ ਰਾਜੇ॥*
*ਹਮ ਭੂਲਿ ਵਿਗਾੜਹ ਦਿਨਸੁ ਰਾਤਿ,*
*ਹਰਿ ਲਾਜ ਰਖਾਏ॥*
*ਹਮ ਬਾਰਿਕ ਤੂੰ ਗੁਰੁ ਪਿਤਾ ਹੈ, ਦੇ ਮਤਿ ਸਮਝਾਏ॥*
*ਜਨੁ ਨਾਨਕੁ ਦਾਸੁ ਹਰਿ ਕਾਂਢਿਆ,*
*ਹਰਿ ਪੈਜ ਰਖਾਏ॥੪॥੧●॥੧੭॥ ਅੰਗ - ੪੫●*

ਸ੍ਰੀ ਗੁਰੂ ਰਾਮਦਾਸ ਜੀ ਦਾ ਪਰਮਾਤਮਾ ਪ੍ਰੇਮ-ਰੂਪ ਅਤੇ ਸੁੰਦਰ-ਸਰੂਪ ਹੈ, ਇਸ ਕਰਕੇ ਉਹਨਾਂ ਦਾ ਰਹਸਵਾਦ ਪ੍ਰੇਮ ਦੀ ਸਾਧਨਾ ਤੇ ਸੁੰਦਰਤਾ ਦੀ ਸਾਧਨਾ ਹੈ। ਉਹਨਾਂ ਨੂੰ ਪ੍ਰਭੂ ਵਿਚ ਅਲੌਕਿਕ ਪਿਆਰ ਤੇ ਅਵਿਨਾਸ਼ੀ ਸੁੰਦਰਤਾ ਨਜ਼ਰ ਆਉਂਦੀ ਹੈ। ਉਹ ਤਾਂ ਉਸ ਅਲੌਕਿਕ ਪਿਆਰ-ਮੂਰਤੀ ਦਾ ਦੀਦਾਰ ਚਾਹੁੰਦੇ ਹਨ ਤੇ ਅਵਿਨਾਸ਼ੀ ਸੁੰਦਰਤਾ ਨੂੰ ਗਲਵੱਕੜੀ ਪਾਉਣਾ ਲੋਚਦੇ ਹਨ। ਉਹਨਾਂ ਦੇ ਦਿਲ ਵਿਚੋਂ ਇੱਕ ਉਮੰਗ ਹੈ ਤੇ ਅੱਖਾਂ ਵਿਚ ਸਰੂਰ ਅਤੇ ਉਡੀਕਵਾਨ ਹਨ ਕਿ ਕਦੋਂ ਉਸ ਸੱਜਣ ਸੁਹੇਲੜੇ ਦੇ ਦੀਦਾਰ ਹੁੰਦੇ ਹਨ। ਉਸ ਤੋਂ ਵਿੱਛੜ ਕੇ ਇਕ-ਇਕ ਪਲ ਗੁਜ਼ਾਰਨਾ ਔਖਾ ਹੋਇਆ ਜਾਪਦਾ ਹੈ, ਹਰ ਸੁਆਸ ਨਾਲ ਅਰਦਾਸ ਕਰਦੇ ਹਨ -

*ਹਰਿ ਦਰਸਨੁ ਦੇਹੁ ਹਰਿ ਆਸ ਤੁਮਾਰੀ॥*
*ਕਰਿ ਕਿਰਪਾ ਲੋਚ ਪੂਰਿ ਹਮਾਰੀ॥੧॥ਰਹਾਉ॥੪੨॥*
*ਅੰਗ - ੧੬੪*

*ਮੇਰੋ ਸੁੰਦਰੁ ਕਹਹੁ ਮਿਲੈ ਕਿਤੁ ਗਲੀ॥*
*ਹਰਿ ਕੇ ਸੰਤ ਬਤਾਵਹੁ ਮਾਰਗੁ ਹਮ ਪੀਛੈ ਲਾਗਿ ਚਲੀ॥੧॥ਰਹਾਉ॥*
*ਪ੍ਰਿਅ ਕੇ ਬਚਨ ਸੁਖਾਨੇ ਹੀਅਰੈ ਇਹ ਚਾਲ ਬਨੀ ਹੈ ਭਲੀ॥ ਅੰਗ - ੫੨੭*

ਪ੍ਰਭੂ-ਦਰਸ਼ਨਾਂ ਤੋਂ ਬਿਨਾਂ ਬਿਰਹੋਂ ਵਿੱਚ ਤੜਫਦੀ ਜਿੰਦ ਦੇ ਮਿਲਾਪ ਲਈ ਬਿਹਬਲਤਾ, ਆਪ ਜੀ ਦੀ ਬਾਣੀ ਵਿੱਚ ਸਿਖਰਾਂ ਛੂਹੰਦੀ ਜਾਪਦੀ ਹੈ ।ਬਸੰਤ ਰੁੱਤੇ ਫੁੱਲਾਂ ਨੂੰ ਖਿੜਿਆ ਵੇਖ ਕੇ ਉਹ ਪ੍ਰੀਤਮ ਦੀ ਯਾਦ ਵਿੱਚ ਮਗਨ ਹੋ ਜਾਂਦੇ ਹਨ ਤੇ ਦੋਵੇਂ ਅੱਖਾਂ ਪਿਆਰੇ ਦੇ ਦੀਦਾਰ ਲਈ ਰਾਹ ਵਿਚ ਵਿਛਾ ਦੇਂਦੇ ਹਨ -

*ਚੜਿ ਚੇਤੁ ਬਸੰਤੁ ਮੇਰੇ ਪਿਆਰੇ, ਭਲੀਅ ਰੁਤੇ॥*
*ਪਿਰ ਬਾਝੜਿਅਹੁ ਮੇਰੇ ਪਿਆਰੇ, ਆਂਗਣਿ ਧੂੜਿ ਲੁਤੇ॥੪॥੨੧॥ ਅੰਗ - ੪੫੨*

ਸ੍ਰੀ ਗੁਰੂ ਰਾਮਦਾਸ ਜੀ ਦੇ ਬਿਰਹੋਂ ਵਰਨਣ ਵਿੱਚ ਵੀ ਇੰਨੀ ਮਿਠਾਸ ਹੈ, ਸੁੰਦਰਤਾ ਹੈ, ਸੁਹਿਰਦਤਾ ਹੈ ਕਿ ਇਸ ਤਰ੍ਹਾਂ ਲਗਦਾ ਹੈ, ਜਿਵੇਂ ਜੁਗਾਂ-ਜੁਗਾਂ ਦੀ ਪਿਆਸੀ ਆਤਮਾ ਪਿਆਰੇ ਦੇ ਦਰਸ਼ਨਾਂ ਲਈ ਵਿਰਲਾਪ ਕਰ ਰਹੀ ਹੋਵੇ, ਪਰ ਉਸ ਵਿਰਲਾਪ ਦਾ ਅਸਰ ਸੁਖਦਾਈ, ਮਿੱਠਾ ਤੇ ਰਸ-ਭਰਪੂਰ ਹੈ ਅਤੇ ਜਾਪਦਾ ਹੈ ਕਿ ਬਿਰਹੋ-ਕੁੱਠੀ ਆਤਮਾ ਆਪਣੇ ਪਿਆਰੇ ਦੇ ਮਿਲਾਪ ਲਈ ਤਰਲਾ ਲੈ ਰਹੀ ਹੋਵੇ -

*ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ,*
*ਹਉ ਤਿਸੁ ਪਹਿ ਆਪੁ ਵੇਚਾਈ॥੧॥*
*ਦਰਸਨੁ ਹਰਿ ਦੇਖਣ ਕੈ ਤਾਈ॥*
*ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ ਹਰਿ ਹਰਿ ਨਾਮੁ ਧਿਆਈ॥੧॥ਰਹਾਉ॥ ਅੰਗ - ੭੫੭*

ਬਿਹਬਲਤਾ ਦੀ ਜੋ ਹਾਲਤ ਸ੍ਰੀ ਗੁਰੂ ਰਾਮਦਾਸ ਸਾਹਿਬ ਦੀ ਹੈ, ਉਸ ਦਾ ਟਾਕਰਾ ਕਿਸੇ ਹੋਰ ਰਚਨਾ ਵਿੱਚ ਸ਼ਾਇਦ ਹੀ ਮਿਲ ਸਕੇ। ਜਦੋਂ ਉਹ ਕਹਿੰਦੇ ਹਨ -

*ਹਰਿ ਹਰਿ ਸਜਣੁ ਮੇਰਾ ਪ੍ਰੀਤਮੁ ਰਾਇਆ॥*
*ਕੋਈ ਆਣਿ ਮਿਲਾਵੈ ਮੇਰੇ ਪ੍ਰਾਣ ਜੀਵਾਇਆ॥*
*ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ,*
*ਮੈ ਨੀਰੁ ਵਹੇ ਵਹਿ ਚਲੈ ਜੀਉ॥੩॥੧॥ ਅੰਗ - ੪*

ਤਾਂ ਜਾਪਦਾ ਹੈ, ਜਿਵੇਂ ਪ੍ਰਭੂ ਪ੍ਰੇਮ ਵਿੱਚ ਭਾਵੁਕ ਬਿਹਬਲਤਾ ਆਪ ਦੀ ਰਚਨਾ ਵਿਚੋਂ ਉਪਭਾਵਕਤਾ ਦੀ ਸੀਮਾ ਤਕ ਪੁੱਜੀ ਹੋਈ ਹੈ।

***(ਬਾਕੀ ਪੰਨਾ 21 'ਤੇ)***

# ਕਿਰਤ ਕਰਮ

*(ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)*

ਪੂਰਬਲੇ ਕਰਮਾਂ ਦੇ ਬਦਲੇ ਅਗਲੇਰੇ ਜਨਮ ਵਿਚ ਸਜ਼ਾ ਵਜੋਂ ਉਸੇ ਭੁਗਤ ਦੇ ਕਰਮ ਭੁਗਤਾਏ ਜਾਂਦੇ ਹਨ। ਬਾਰੰਬਾਰ ਉਹ ਇਕੋ ਕਰਮ ਕਰਨ ਦੀ ਜੋ ਵਹਿਦਤ ਪੈ ਜਾਂਦੀ ਹੈ, ਆਦਤ ਪੈ ਜਾਂਦੀ ਹੈ, ਉਸ ਵਹਿਦਤ (ਆਦਤ) ਅਧੀਨ ਜੋ ਭੀ ਕਰਮ ਪ੍ਰਾਣੀ ਕਰਦਾ ਹੈ ਉਸ ਦਾ ਨਾਮ ਕਿਰਤ-ਕਰਮ ਹੈ। ਕਿਰਤ ਵਾਲੇ ਕਰਮ ਭੁਗਤਣੇ ਹੀ ਪੈਂਦੇ ਹਨ। ਮਿਟਦੇ ਨਹੀਂ। ਆਵਾਗਵਨ ਭੀ ਇਸ ਕਿਰਤ-ਕਰੰਮੀ-ਗੇੜ ਕਰਕੇ ਹੁੰਦਾ ਹੈ। ਕਰਮਾਂ ਦੀ ਕਿਰਤ ਮੱਥੇ ਲਿਖੀ ਜਾਂਦੀ ਹੈ ਕਰਮ ਭੁਗਤਾਉਣ ਲਈ। ਯਥਾ ਗੁਰਵਾਕ -

*ਆਵੈ ਜਾਇ ਭਵਾਈਐ ਪਇਐ ਕਿਰਤ ਕਮਾਇ॥*
*ਪੂਰਬਿ ਲਿਖਿਆ ਕਿਉ ਮੇਟੀਐ ਲਿਖਿਆ ਲੇਖੁ ਰਜਾਇ॥*
*ਬਿਨੁ ਹਰਿ ਨਾਮ ਨ ਛੁਟੀਐ ਗੁਰਮਤਿ ਮਿਲੈ ਮਿਲਾਇ॥੭॥* *ਅੰਗ - ੫੯*

ਭਾਵ ਅਰਥ : ਬਾਰੰਬਾਰ ਦੂਜੇ ਭਾਵ ਦੇ ਕਰਮ ਕਮਾਵਣ ਕਰਕੇ ਜੋ ਕਿਰਤ ਵਿਰਤ ਹੋ ਜਾਂਦੀ ਹੈ, ਵਹਿਦਤ ਰੂਪ ਉਹ ਮੱਥੇ ਉੱਤੇ ਲਿਖੀ ਜਾਂਦੀ ਹੈ। ਉਸ ਅਨੁਸਾਰ ਉਹ ਜੂਨਾਂ ਵਿਚ ਆਉਂਦਾ ਜਾਂਦਾ ਹੈ ਅਤੇ ਆਵਾਗਉਣ ਦੇ ਚੱਕਰ ਵਿਚ ਭਉਂਦਾ ਹੈ। ਕਿਰਤ ਪਈ ਅਨੁਸਾਰ ਭਵਾਈਦਾ ਹੈ। ਅਗਲੇ ਜਨਮ ਵਿਚਿ ਭੀ ਕੁਕ੍ਰਿਤ ਕਰਮ ਜ਼ਰੂਰ ਹੀ ਉਸ ਤੋਂ ਹੁੰਦੇ ਹਨ। ਇਹ ਪਹਿਲੇ ਜਨਮ ਦੀ ਸਜ਼ਾ ਉਸ ਨੂੰ ਮਿਲਦੀ ਹੈ। ਉਹ ਉਸ ਨਾਲ ਕੋਈ ਬੇਇਨਸਾਫੀ ਨਹੀਂ ਹੁੰਦੀ, ਸਗੋਂ ਐਨ ਇਨਸਾਫ਼ ਹੁੰਦਾ ਹੈ। ਪੂਰਬਲਾ ਲੇਖ ਲਿਖਿਆ ਕਿਸੇ ਦਾ ਮਿਟਾਇਆ ਮਿਟਦਾ ਨਹੀਂ, ਕਿਉਂਕਿ ਉਹ ਕਰਮ ਰਜਾਇ ਅਨੁਸਾਰ ਲਿਖਿਆ ਗਇਆ ਹੁੰਦਾ ਹੈ। ਜੇ ਉਸ ਕਿਰਤ-ਕਰੰਮੀ ਲਿਖੇ ਲੇਖ ਤੋਂ ਛੁਟਕਾਰਾ ਹੁੰਦਾ ਹੈ ਤਾਂ ਸਤਿਗੁਰੂ ਦੁਆਰਾ ਨਾਮ ਮਿਲੇ ਤੋਂ ਹੁੰਦਾ ਹੈ, ਨਹੀਂ ਤਾਂ ਲੇਖ ਨਹੀਂ ਮਿਟਦਾ। ਬਿਨੁ ਹਰਿਨਾਮ ਨ ਛੁਟੀਐ। ਪ੍ਰੰਤੂ ਨਾਮੁ ਮਿਲਦਾ ਹੈ ਗੁਰਮਤਿ ਕਰਕੇ, ਗੁਰੂ ਦਾ ਮਿਲਾਇਆ ਹੀ ਮਿਲਦਾ ਹੈ। ਇਸ ਬਿਧਿ ਕਰਮ-ਕਿਰਤ-ਰੇਖਾ ਭੀ ਗੁਰੂ ਦੀ ਮਿਟਾਈ ਹੀ ਮਿਟਦੀ ਹੈ।

ਇਸ ਪ੍ਰਥਾਇ ਇਕ ਸਾਖੀ ਆਉਂਦੀ ਹੈ ਕਿ ਗੁਰੂ ਅਰਜਨ ਸਾਹਿਬ ਪੰਚਮ ਗੁਰੂ ਪਾਤਸ਼ਾਹ ਦੇ ਦਰਬਾਰ ਵਿਚਿ ਇਕ ਪਰਜਾਪਤੀ ਰਾਜਾ ਆਇਆ, ਸਣੇ ਚੋਣਵਾਸ ਦੇ (ਰਾਣੀਆਂ ਆਦਿਕ ਪਰਵਾਰ ਸਹਿਤ)। ਆਪਣੀ ਕਲਿਆਣ ਨਮਿਤ ਆਇਆ। ਆਪਣੇ ਕਰਮਾਂ ਦੇ ਲੇਖ ਮਿਟਾਉਣ ਹਿਤ ਆਇਆ। ਪ੍ਰੰਤੂ ਉਸ ਨੇ ਮਨ ਹੀ ਮਨ ਵਿਚ ਆਪਣੇ ਇਸ ਆਸ਼ੇ ਅਭਿਪਰੇ ਨੂੰ ਗੁਪਤ ਹੀ ਰਖਿਆ। ਕਿਸੇ ਨੂੰ ਦੱਸਿਆ ਨਹੀਂ। ਨਾਂ ਹੀ ਆਪਣੀ ਜ਼ਬਾਨੀ ਗੁਰੂ ਪਾਸ ਦਰਸਾਇਆ, ਚੁਪ ਚੁਪੀਤਾ ਗੁਰੂ ਕੀਆਂ ਸੰਗਤਾਂ ਵਿਚ ਕੁਛ ਦਿਨ ਵਿਚਰਦਾ ਰਿਹਾ। ਗੁਰੂ ਦਰਬਾਰ ਵਿਚਿ ਆਵੇ ਤੇ ਚਲਿਆ ਜਾਵੇ। ਜਿਥੇ ਉਸ ਦਾ ਉਤਾਰਾ ਸੀ, ਉਥੇ ਜਾ ਬਿਸਰਾਮ ਕਰੇਂ। ਅੰਮ੍ਰਿਤ ਵੇਲੇ ਗੁਰੂ ਕੀਆਂ ਸੰਗਤਾਂ ਦੇ ਨਾਲ ਹੀ ਉਠਣ ਦੀ ਉਸ ਨੂੰ ਆਦਤ ਪੈ ਗਈ। ਇਕ ਦਿਨ ਅੰਮ੍ਰਿਤ ਵੇਲੇ ਇਕ ਗੁਰੂ ਕਾ ਸਿਖ ਓਅੰਕਾਰ ਬਾਣੀ ਦਾ ਪਾਠ ਕਰਦਾ ਸੀ। ਉਸ ਪਾਠ ਵਿਚ ਜਦੋਂ ਇਹ ਤੁਕ ਰਾਜੇ ਨੇ ਸੁਣੀ ਕਿ - 'ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰ' ਦਾ ਤਾਂ ਉਸ ਦੇ ਮਨ ਵਿਚ ਸੰਸਾ ਪੈਦਾ ਹੋ ਗਿਆ ਕਿ ਜੋ ਲਿਖਿਆ ਲੇਖ ਮਿਟਣਾ ਹੀ ਨਹੀਂ ਅਤੇ ਮੈਨੂੰ ਆਪਣੇ ਕੀਤੇ ਕਰਮਾਂ ਦੇ ਲੇਖ ਭੁਗਤਣੇ ਹੀ ਪੈਣੇ ਹਨ ਤਾਂ ਮੈਂ ਐਥੇ ਗੁਰੂ ਜੀ ਪਾਸ ਕਾਹਨੂੰ ਆਇਆ ਹਾਂ। ਚਲੋ ਚਲੀਏ, ਐਥੋਂ ਕਲ ਨੂੰ ਡੇਰੇ ਕੂਚ ਕਰੀਏ। ਇਸ ਸੰਦੇਹ ਸੰਸੇ ਦੀ ਬਾਤ ਉਸ ਨੇ ਆਪਣੇ ਮਨ ਹੀ ਮਨ ਮਾਹਿ ਰਖੀ। ਕਿਸੇ ਨੂੰ ਜਣਾਈ ਲਖਾਈ ਦਸੀ ਨਹੀਂ।

ਪ੍ਰੰਤੂ ਗੁਰੂ ਅੰਤਰਯਾਮੀ ਘਟ ਘਟ ਦੀ ਜਾਨਣਹਾਰੇ ਬੁਝ ਗਏ ਕਿ ਰਾਜਾ ਅਸ਼ਰਧਕ ਹੋ ਕੇ ਵਾਪਸ ਚਲੇ ਜਾਣ ਦੀ ਨੀਅਤ ਠਾਣ ਬੈਠਾ ਹੈ। ਉਸੇ ਵੇਲੇ ਹੀ ਗੁਰੂ ਸਾਹਿਬ ਨੇ ਰਾਜੇ ਨੂੰ ਆਪਣੇ ਪਾਸ ਬੁਲਾ ਕੇ ਆਖਿਆ ਕਿ ਕੱਲ੍ਹ ਨੂੰ ਜਾਣਾ ਨਹੀਂ। ਕਲ੍ਹ ਆਪਾਂ ਇਕੱਠੇ ਬਾਹਰ ਜੰਗਲਾਂ ਵਿਚ ਘੋੜਸਵਾਰ ਹੋ ਕੇ ਸੈਰ ਲਈ ਚਲਾਂਗੇ। ਰਾਜੇ ਨੇ ਸਤਿ ਕਰ

ਕੇ ਗੁਰੂ ਜੀ ਦੇ ਇਸ ਹੁਕਮ ਨੂੰ ਮੰਨ ਲਿਆ। ਇਸ ਹੁਕਮ ਨੂੰ ਮੰਨਣ ਦਾ ਸਦਕਾ ਰਾਜਾ ਅਗਲੀ ਰਾਤ ਠਹਿਰ ਗਿਆ। ਤਾਂ ਰਾਤ ਨੂੰ ਕੀ ਸੁਪਨਾ ਦੇਖਦਾ ਹੈ ਕਿ ਉਸ ਨੇ ਚੰਡਾਲਾਂ ਦੇ ਘਰ ਜਨਮ ਲਿਆ ਹੈ। ਜਨਮ ਲੈ ਕੇ ਉਹ ਚੰਡਾਲਾਂ ਦੇ ਘਰ ਹੀ ਪਾਲਿਆ ਗਿਆ ਤੇ ਗਭਰੂ ਹੋ ਗਿਆ। ਗਭਰੂ ਹੋਏ ਤੇ ਚੜ੍ਹਦੀ ਜਵਾਨੀ ਵਿਚਿ ਹੀ ਉਸ ਦੀ ਸ਼ਾਦੀ ਹੋ ਗਈ ਤੇ ਉਸ ਦੇ ਘਰ ਸੰਤਾਨ ਭੀ ਘਣੀ ਉਤਪੰਨ ਹੋਈ। ਪੁਤਾਂ, ਪੋਤਰਿਆਂ, ਧੀਆਂ, ਦੋਹਤ੍ਰੀਆਂ ਵਾਲਾ ਹੋ ਗਿਆ ਤੇ ਬਿਰਧ ਭਇਆ। ਅਤੇ ਬਿਰਧ ਬੁੱਢੇ ਭਏ ਤੋਂ ਉਹ ਮਰ ਮੁੱਕ ਭੀ ਗਇਆ।

ਮਰੇ ਤੋਂ ਜਦੋਂ ਚੰਡਾਲਾਂ ਦੀ ਰੀਤੀ ਅਨੁਸਾਰ ਉਸ ਨੂੰ ਮਰਘਟ ਕਬਰਿਸਤਾਨ ਵਿਚ ਲਿਜਾ ਕੇ ਦਬਾਉਣ ਲਗੇ ਤਾਂ ਉਸ ਦੀ (ਰਾਜੇ ਦੀ) ਜਾਗ ਖੁੱਲ੍ਹ ਗਈ। ਬੜਾ ਹੈਰਾਨ ਪਰੇਸ਼ਾਨ ਹੋਇਆ। ਸੁਪਨਾ ਕੀ ਸੀ। ਪ੍ਰਤੱਖ ਜੀਵਣ ਜਨਮ ਦਾ ਹੱਡ-ਬੀਤਿਆ ਚਮਤਕਾਰਾ ਸੀ। ਜਾਗੇ ਤੋਂ ਭੀ ਉਕਤ ਸੁਪਨਾ ਉਸ ਦੀਆਂ ਅੱਖਾਂ ਤੋਂ ਉਹਲੇ ਨਾ ਹੋਵੇ। ਮੁੜ ਮੁੜ ਸੁਪਨੇ ਵਿਚ ਸਹੇੜੀਆਂ ਸਪੁਤ ਸਪੁਤ੍ਰੀਆਂ ਦੀ ਮੋਹ-ਮਮਤਾ ਉਸ ਨੂੰ ਟੁੰਭੇ। ਨਿਮੋਝੂਣਾ ਹੋਇਆ ਨੀਵੀਂ ਪਾਇ ਕੇ ਇਹੀ ਸੋਚਾਂ ਸੋਚਦੇ ਨੂੰ ਖਾਸਾ ਦਿਨ ਚੜ੍ਹ ਆਇਆ। ਏਤਨੇ ਨੂੰ ਸਤਿਗੁਰੂ ਦੇ ਮੇਵੜੇ ਵਲੋਂ ਉਸ ਨੂੰ ਆਵਾਜ਼ ਪੈ ਗਈ। ਚਲੋ, ਤਿਆਰ ਹੋ ਜਾਓ। ਘੋੜਸਵਾਰ ਹੋ ਕੇ ਸਤਿਗੁਰੂ ਦੇ ਸੰਗਿ ਸਾਥ ਬਾਹਰ ਜੰਗਲਾਂ ਵਿਚ ਸੈਰ ਸਿਆਹਤ ਲਈ ਕਮਰਕੱਸੇ ਕਸ ਲਓ। ਗੱਲ ਕੀ, ਸਤਿਗੁਰੂ ਸਾਹਿਬ ਆਪਣੀਆਂ ਲਾਡਲੀਆਂ ਫ਼ੌਜਾਂ ਸਮੇਤ ਉਸ ਨੂੰ (ਰਾਜੇ ਨੂੰ) ਬਾਹਰ ਅਣੋਖੀ ਆਖੇਟ-ਬਿਰਤ ਲਈ ਲੈ ਗਏ। ਪਰ ਰਾਤ ਦੇ ਉਹੀ ਰਾਜ ਸੁਪਨੇ ਦੀਆਂ ਹੈਰਾਨ-ਕੁਨ ਸੋਚਾਂ ਸੋਚਦਾ ਘੋੜ-ਸਵਾਰ ਹੋਇਆ ਸਤਿਗੁਰੂ ਦੇ ਨਾਲਿ ਚਲਿਆ ਜਾ ਰਿਹਾ ਹੈ।

ਕਉਤਕੀ ਸਤਿਗੁਰੂ ਨੇ ਐਸਾ ਕਉਤਕੀ ਹੁਕਮ ਚੜ੍ਹਾਇਆ ਕਿ ਹੇ ਰਾਜਨ! ਔਹ ਦੇਖੋ ਇਕ ਹੀਰਾ ਹਰਨ ਚੌਕੜੀਆਂ ਭਰਦਾ ਚਲਿਆ ਆਉਂਦਾ ਹੈ। ਜੀਹਦੇ ਅਗੇ ਦੀ ਇਹ ਨਿਕਲੇਗਾ, ਉਹੀ ਉਸ ਦਾ ਪਿੱਛਾ ਕਰੇਗਾ। ਅਤੇ ਮੋਹਰੀ ਬਣ ਕੇ ਉਸ ਦਾ ਸ਼ਿਕਾਰ ਕਰੇਗਾ। ਦੂਜਾ ਕੋਈ ਉਸ ਦੇ ਨਾਲ ਪਿੱਛੇ ਨਾ ਜਾਵੇ। ਭਾਵੀ ਐਸੀ ਹੋਈ ਕਿ ਉਹ ਮਿਰਗ (ਹਿਰਨ) ਰਾਜੇ ਦੇ ਅਗੋਂ ਦੀ ਹੀ ਨਿਕਲਿਆ। ਰਾਜਾ ਗੁਰੂ ਸਾਹਿਬ ਦੀ ਆਗਿਆ ਅਨੁਸਾਰ ਘੋੜਾ ਦੌੜਾਇ ਕੈ ਉਸ ਹਿਰਨ ਦੇ ਪਿਛੇ ਹੋਇਆ। ਸਤਿਗੁਰੂ ਕਉਤਕਹਾਰੇ ਆਪਣੀਆਂ ਫ਼ੌਜਾਂ ਨੂੰ ਇਸ਼ਾਰੇ ਦੇ ਕੇ ਕੁਛ ਵਿਥ ਤੇ ਪਿਛੇ ਰਹਿ ਗਏ। ਰਾਜੇ ਇਕੱਲੇ ਨੂੰ ਹੀ ਹਿਰਨ ਦੇ ਪਿਛੇ ਜਾਣ ਦਿੱਤਾ। ਹਿਰਨ ਬੜੀ ਤੇਜ਼ੀ ਨਾਲ ਚਉਕੜੀਆਂ ਭਰਦਾ ਰਾਜੇ ਦੇ ਮੂਹਰੇ ਮੂਹਰੇ ਦੌੜਦਾ ਕੁਦਦਾ ਹੋਇਆ ਕਈਆਂ ਜੰਗਲਾਂ ਬੇਲਿਆਂ ਨੂੰ ਚੀਰਦਾ ਇਕ ਸੁੰਨਸਾਨ ਵਾਦੀ ਵਿਚ ਜਾ ਕੇ ਅਲੋਪ ਹੋ ਗਿਆ। ਰਾਜਾ ਹੱਥ ਮਲਦਾ ਹੀ ਰਹਿ ਗਿਆ। ਉਸ ਨੂੰ ਪਿਆਸ ਡਾਢੀ ਲਗੀ ਹੋਈ ਸੀ। ਇਸ ਕਰਕੇ ਉਹ ਪਾਣੀ ਦੀ ਤਲਾਸ਼ ਵਿਚ ਇਕ ਤਰਫ ਨੂੰ ਚਲ ਪਿਆ। ਇਕੱਲਾ ਹੀ ਸੀ ਆਪਣੇ ਘੋੜੇ ਸਮੇਤ, ਹੋਰ ਕੋਈ ਉਸ ਦੇ ਨਾਲ ਨਹੀਂ ਦੂਰ ਦੇ ਫ਼ਾਸਲੇ ਤੋਂ ਹੀ ਉਸ ਨੇ ਇਕ ਗ੍ਰਾਮ ਦੇਖਿਆ। ਦੇਖਦਾ ਕੀ ਹੈ ਕਿ ਗ੍ਰਾਮ ਦੇ ਬਹੁਤ ਸਾਰੇ ਲੋਗ ਪਿੰਡੋਂ ਬਾਹਰ-ਵਾਰ ਜਮ੍ਹਾ ਹੋਏ ਵੇ ਹਨ। ਉਹ ਜਮਘਟੇ ਵਲ ਹੋ ਲਿਆ। ਉਥੇ ਜਾ ਕੇ ਕੀ ਦੇਖਦਾ ਹੈ ਕਿ ਉਹੀ ਮਰਘਟ ਅਸਥਾਨ ਕਬਰਿਸਤਾਨ ਹੈ। ਉਸੇ ਪਿੰਡ ਦਾ ਹੈ, ਜਿੱਥੇ ਜਨਮ ਲੈ ਕੇ ਉਸ ਨੇ ਚੰਡਾਲ ਦੇ ਘਰਿ ਸਾਰਾ ਜੀਵਨ ਬਤੀਤ ਕੀਤਾ ਸੀ। ਓਹੀ ਪਿੰਡ ਦੇ ਲੋਗ ਹਨ। ਉਹੀ ਉਸਦਾ ਪਰਵਾਰ ਹੈ। ਪੁੱਤ ਪੋਤੇ ਇਸਤ੍ਰੀ ਆਦਿ ਭੀ ਉਹੀ ਹਨ।

ਉਹਨਾਂ ਨੂੰ ਦੇਖ ਕੇ ਸ਼ਰਮਸਾਰ ਹੋਇਆ ਉਹ ਪਿਛਾਂਹਾ ਮੁੜਨ ਹੀ ਲਗਾ ਸੀ ਕਿ ਝੱਟ ਅੱਗੇ ਵਧ ਕੇ ਉਸ ਜਗ੍ਹਾ ਤੇ ਇੱਕਤ੍ਰ ਲੋਕਾਂ ਨੇ ਉਸ ਨੂੰ ਫੜ ਲਿਆ ਅਤੇ ਘੋੜੇ ਦੀਆਂ ਲਗਾਮਾਂ ਨੂੰ ਰੋਕ ਲਿਆ। ਸਾਰੇ ਉਸ ਨੂੰ ਚਿਮੜ ਗਏ। ਕੁਟੰਬੀਆਂ ਨੇ ਉਸ ਦੇ ਪੱਲੇ ਮੋਹ ਦੀਆਂ ਲਿਸ਼ਕਾਂ ਮਾਰ ਕੇ ਚਿੰਮੜੇ। ਹੁਣ ਅਸੀਂ ਨਹੀਂ ਜਾਣ ਦਿੰਦੇ। ਰਾਜਾ ਹੈਰਾਨੀ ਪਰੇਸ਼ਾਨੀ ਦੇ ਸਮੁੰਦਰ ਵਿਚ ਅਤੇ ਲੱਜਾ ਵਿਚ ਗੜੁੰਦ ਹੋਇਆ ਸੋਚਣ ਲਗਾ। ਸਚਮੁੱਚ ਓਹੀ ਟੱਬਰ ਟੀਹਰ ਹੈ, ਜਿਸ ਵਿਚ ਰਹਿ ਸਹਿ ਕੇ ਮੈਂ ਸਾਰਾ ਜਨਮ ਏਹਨਾਂ ਚੰਡਾਲਾਂ ਦੇ ਘਰ ਬਿਤੀਤ ਕੀਤਾ ਹੈ। ਇਸ ਵਿਚ ਕੋਈ ਭੀ ਸੰਦੇਹ ਨਹੀਂ। ਸਾਰਿਆਂ ਨੂੰ ਮੈਂ ਜਾਣਦਾ ਹਾਂ। ਸਾਰੇ ਮੈਨੂੰ ਜਾਣਦੇ ਹਨ। ਪੱਲਾ ਛੁਡਾਵਾਂ ਤੇ ਕਿਵੇਂ ਛੁਡਾਵਾਂ। ਛੁੜਾ ਭੀ ਨਹੀਂ ਹੁੰਦਾ। ਪਰ ਓਹਨਾਂ ਨੂੰ ਅਪਣਾਉਂਦਾ ਭੀ ਸ਼ਰਮਾਉਂਦਾ ਹੈ। ਜਿਉਂ ਜਿਉਂ ਲਾਡ ਪਿਆਰ ਨਾਲ ਉਸ ਦਾ ਬਾਲ ਬੱਚਾ ਉਸ ਨੂੰ ਚਿੰਮੜਦਾ ਹੈ, ਤਿਉਂ ਤਿਉਂ ਉਹ ਬੇਬਸ ਹੋ ਹੋ ਜਾਂਦਾ ਹੈ। ਪਰ ਓਹਨਾਂ ਦੇ ਪਾਸ ਰਹਿਣ ਨੂੰ ਜੀ ਨਹੀਂ ਕਰਦਾ। ਫੇਰ ਆਪਣੇ ਆਪ ਨੂੰ ਇਉਂ ਹੱਲਾ-ਸ਼ੇਰੀ ਦਿੰਦਾ ਹੈ ਉਹ ਤਾਂ ਸੁਪਨਾ ਹੀ ਸੀ। ਮੈਂ ਕਾਹਨੂੰ ਪਰਤੱਖ ਜਨਮ ਏਹਨਾਂ ਦੇ ਘਰਿ ਲਿਆ ਹੈ। ਜ਼ਰਾ ਦਿਲ ਕਰਾਰਾ ਕਰ ਕੇ ਆਖਦਾ ਹੈ ਕਿ ਤੁਸੀਂ ਮੇਰੇ ਕੁਛ ਨਹੀਂ ਲਗਦੇ। ਤੁਸੀਂ ਮੈਨੂੰ ਕਿਉਂ ਚਿਮੜਦੇ ਹੋ? ਓਹਨਾਂ ਆਖਿਆ, ਤੂੰ ਮਰ ਗਿਆ ਸੀ। ਅਸੀਂ ਰੋਂਦਿਆਂ ਕੁਰਲਾਂਦਿਆਂ ਨੇ ਤੈਨੂੰ ਦੱਬ ਦਿੱਤਾ। ਤੂੰ ਕਬਰ ਵਿਚੋਂ ਨਿਕਲ ਕੇ ਕਿਤੋਂ ਚੰਗੇ ਚੰਗੇ ਬਸਤਰ ਤੇ

ਘੋੜਾ ਪਾਖਰ ਜੀਨ ਲੈ ਆਇਆ ਹੈਂ ਤੇ ਸਾਨੂੰ ਪਿਟਾਉਂਦਾ ਤੇ ਭੁਚਲਾਉਂਦਾ ਹੈਂ। ਹੁਣ ਤੈਨੂੰ ਅਸੀਂ ਨਹੀਂ ਜਾਣ ਦਿੰਦੇ ਹਾਂ। ਗੱਲ ਕੀ, ਪਰਸਪਰ ਤਕੜਾ ਤਕਰਾਰ ਹੋ ਪਿਆ। ਸਾਰਾ ਪਿੰਡ ਹੋਰ ਭੀ ਇਕੱਠਾ ਹੋ ਗਿਆ। ਸਾਰੇ ਹੀ ਇਹ ਸ਼ਾਹਦੀ ਭਰਨ ਕੁਟੰਬੀਆਂ ਦੇ ਹੱਕ ਵਿਚ। ਰਾਜਾ ਭੀ ਸਾਰੇ ਪਿੰਡ ਦਿਆਂ ਆਦਮੀਆਂ ਤੀਵੀਆਂ ਨੂੰ ਜਾਣੇ ਪਛਾਣੇ ਅਤੇ ਪਿੰਡ ਦੇ ਮਰਦ ਇਸਤਰੀ ਭੀ ਉਸ ਨੂੰ ਜਾਨਣ ਪਛਾਨਣ। ਬੜਾ ਘਬਰਾਇਆ, ਬੜੀ ਅੜਿਚਣ ਵਿਚ ਉਸਦੀ ਜਾਨ ਪੈ ਗਈ। ਪੱਲਾ ਛੁਡਾਉਣਾ ਦੂਭਰ ਹੋ ਗਿਆ। ਏਸੇ ਘਬਰਾਹਟ ਵਿਚ ਇਕ-ਮਨ ਇਕ-ਚਿਤ ਹੋ ਕੇ ਗੁਰੂ ਸਾਹਿਬ ਦਾ ਧਿਆਨ ਧਰਿਆ ਅਤੇ ਮਨ ਹੀ ਮਨ ਵਿਚ ਬੇਨਤੀ ਕੀਤੀ,ਹੇ ਸਤਿਗੁਰੂ! ਇਸ ਭੀੜੀ ਬਣੀ ਅਉਝੜ ਤੋਂ ਆ ਕੇ ਹੁਣ ਤੁਸੀਂ ਹੀ ਛੁਡਾ ਸਕਦੇ ਹੋ। ਬਹੁੜੋ ਤੇ ਫੰਦ ਪਰਾਨ ਮੋਕਲੇ ਕਰਾਓ, ਛੁਡਾਓ ਜੀ, ਆ ਕੇ ਛੁਡਾਓ। ਕਉਤਕਹਾਰ ਸਤਿਗੁਰੂ ਇਕ ਛਿਨ ਵਿਚਿ ਆਇ ਆਸਕਾਰ (ਪਰਗਟ) ਹੋਏ। ਰਾਜੇ ਦੀ ਘਬਰਾਹਟ ਨੂੰ ਅਤੇ ਜਿਸ ਹਾਲਤ ਵਿਚ ਉਹ ਖੜਾ ਸੀ, ਦੇਖ ਕੇ ਮੁਸਕਾਏ। ਲੋਕਾਂ ਨੂੰ ਤੇ ਇਕੱਠੇ ਹੋਏ ਚੰਡਾਲ ਪਰਵਾਰ ਨੂੰ ਸਨਮੁਖ ਹੋ ਕੇ ਆਖਣ ਲਗੇ ਕਿ ਕਿਸ ਗੱਲ ਦਾ ਝਗੜਾ ਹੈ? ਹਾਜ਼ਰੀਨ ਨੇ ਇਸ ਘਟਨਾ ਵਾਲਾ ਬਿਰਤਾਂਤ ਸਤਿਗੁਰੂ ਦੀ ਹਜ਼ੂਰੀ ਵਿਚ ਵਿਸਥਾਰ ਸਹਿਤ ਦੱਸਿਆ। ਓੜਕ ਆਖਿਆ ਕਿ ਇਹ ਕਬਰ ਵਿਚੋਂ ਨਿਕਲ ਕੇ ਸਾਨੂੰ ਸਾਰਿਆਂ ਨੂੰ ਤਲਾਕ ਦੇਈ ਨਸਿੱਆ ਜਾਂਦਾ ਹੈ। ਅਸੀਂ ਇਸ ਨੂੰ ਨਹੀਂ ਜਾਣ ਦੇਣਾ, ਨਹੀਂ ਜਾਣ ਦੇਣਾ। ਤੁਸੀਂ ਅਵਤਾਰੀ ਮਹਾਂਪੁਰਸ਼ ਹੋ, ਸਾਡਾ ਨਿਆਉਂ ਨਿਬੇੜੋ। ਗੁਰੂ ਸਾਹਿਬ ਨੇ ਫੁਰਮਾਇਆ ਕਿ ਇਕੋ ਗੱਲ ਨਿਆਉਂ ਨਿਬੇੜਨ ਦੀ ਹੈ। ਜੇ ਤੁਸਾਨੂੰ ਮੰਨਣੀ ਮਨਜ਼ੂਰ ਹੈ ਤਾਂ ਆਖਾਂ। ਭਲਾ ਜੀ ਭਲਾ। ਸਤਿਗੁਰੂ ਫੁਰਮਾਉਣ ਲਗੇ ਕਿ ਤੁਸੀਂ ਅਪਣੀ ਕਬਰ ਪੁਟ ਕੇ ਦੇਖੋ, ਜੇ ਤਾਂ ਉਸ ਕਬਰ ਵਿਚ ਉਹ ਹੈ ਨਹੀਂ, ਕਬਰ ਖ਼ਾਲੀ ਪਈ ਹੈ ਤਾਂ ਤੁਸੀਂ ਇਸ ਨੂੰ ਨਿਸੰਗ ਫੜ ਲਵੋ ਪਰ ਜੇ ਉਹੀ ਲੋਥ ਇਸ ਕਬਰ ਵਿਚ ਪਈ ਹੈ ਤਾਂ ਇਸ ਨੂੰ ਛੱਡ ਦਿਓ। ਇਸ ਫੈਸਲੇ ਨੂੰ ਸੁਣ ਕੇ ਸਾਰੇ ਬਹੁਤ ਖੁਸ਼ ਹੋਏ। ਖੁਸ਼ੀ ਨਾਲ ਜਾਮਿਆਂ ਤੋਂ ਬਾਹਰ ਹੋ ਗਏ। ਕਬਰ ਪੁਟੀ ਤਾਂ ਕਬਰ ਵਿਚ ਸਾਵੀਂ ਹੀ ਉਸ ਦੀ ਲੋਥ ਪਈ ਸੀ। ਐਨ ਇਹੋ ਜਿਹੀ ਦੇਹੀ ਤੇ ਇਹੋ ਜਿਹੀ ਸੂਰਤ। ਪਰ ਫੈਸਲੇ ਅਨੁਸਾਰ ਕਿਸੇ ਦੀ ਕੁਛ ਪੇਸ਼ ਨਾ ਗਈ।

ਰਾਜੇ ਦਾ ਖਹਿੜਾ ਛੁਟਿਆ। ਗੁਰੂ ਸਾਹਿਬ ਰਾਜੇ ਨੂੰ ਛੁਡਾਇ ਕੇ ਅਤੇ ਘੋੜੇ ਤੇ ਸਵਾਰ ਕਰਾਇ ਕੇ ਆਪਣੇ ਨਾਲ ਵਾਪਸ ਲੈ ਚਲੇ। ਰਾਹ ਵਿਚ ਜਾਂਦਿਆਂ ਰਾਜਾ ਸ਼ਰਮਾ ਕੇ ਪੁਛਦਾ ਹੈ, ਸਾਹਿਬ ਜੀਓ, ਇਹ ਕੀ ਕਉਤਕ ਸੀ? ਸਤਿਗੁਰੂ ਫੁਰਮਾਉਣ ਲਗੇ ਕਿ ਇਹ ਤੇਰੀ ਉਸ ਸ਼ੰਕਾ ਦਾ ਉਤਰ ਸੀ ਜਿਸ ਕਰਕੇ ਤੂੰ ਅਸ਼ਰਧਕ ਹੋ ਚਲਿਆ ਸੀ। ਨਿਰਸੰਦੇਹ ਇਹ ਗੁਰਵਾਕ ਸੱਚ ਹੈ -

***ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ॥੫੨॥***
***ਅੰਗ - ੯੩੭***

ਤੇਰੇ ਪੂਰਬਲੇ ਕਰਮਾਂ ਅਨੁਸਾਰ ਤੂੰ ਚੰਡਾਲਾਂ ਦੇ ਘਰ ਜੰਮ ਕੇ ਸਾਰਾ ਜਨਮ ਅਵੱਸ਼ ਬਿਤਾਉਣਾ ਸੀ। ਪ੍ਰੰਤੂ ਗੁਰੂ ਨਾਨਕ ਦੇ ਘਰ ਨੂੰ ਏਤਨੀ ਸਮਰੱਥਾ ਹੈ ਕਿ ਇਕ ਰਾਤ ਵਿਚਿ ਹੀ ਉਹ ਸਾਰਾ ਜਨਮ ਤੈਥੋਂ ਭੁਗਤਾਇ ਦਿੱਤਾ, ਜੋ ਤੈਂ ਸਾਰੀ ਉਮਰ ਹੀ ਚੰਡਾਲਾਂ ਦੇ ਘਰ ਭੁਗਤਣਾ ਸੀ। ਸੂਲੀ ਦੀ ਸਜ਼ਾ ਵਾਲੀ ਅਉਲੀ ਸੂਲ ਵਿਚ ਟਾਲ ਦਿੱਤੀ ।

*(ਪੁਸਤਕ 'ਕਰਮ ਫਿਲਾਸਫੀ' ਪੰਨਾ ੨੯੫-੨੯੯)*

---

### *(ਪੰਨਾ 18 ਦੀ ਬਾਕੀ)*

ਆਪ ਆਪਣੇ ਪ੍ਰਭੂ ਨੂੰ 'ਸਿਧ ਸਾਧਿਕੋ, 'ਜੁਗ ਜੋਗੀਆ' 'ਰਸ ਰਸੀਅੜਾ' 'ਭੋਗ ਭੋਗੀਆਂ' ਦੇ ਸ਼ਬਦਾਂ ਨਾਲ ਸੰਬੋਧਨ ਕਰਦੇ ਹੋਏ ਕਾਨੜੇ ਦੀ ਵਾਰ ਵਿੱਚ ਲਿਖਦੇ ਹਨ-

***ਤੂੰ ਆਪੇ ਹੀ ਸਿਧ ਸਾਧਿਕੋ,***
***ਤੂ ਆਪੇ ਹੀ ਜੁਗ ਜੋਗੀਆ॥***
***ਤੂ ਆਪੇ ਹੀ ਰਸ ਰਸੀਅੜਾ,***
***ਆਪੇ ਹੀ ਭੋਗ ਭੋਗੀਆ॥***
***ਆਪੇ ਆਪਿ ਵਰਤਦਾ,***
***ਤੂ ਆਪੇ ਕਰਹਿ ਸੁ ਹੋਗੀਆ॥***
***ਸਤਸੰਗਤਿ ਸਤਿਗੁਰ ਧੰਨੁ ਧੰਨੋ, ਧੰਨ ਧੰਨ ਧਨੋ,***
***ਜਿਤੁ ਮਿਲਿ ਹਰਿ ਬੁਲਗ ਬੁਲੋਗੀਆ॥***
***ਸਭਿ ਕਹਹੁ ਮੁਖਹੁ ਹਰਿ ਹਰਿ ਹਰੇ, ਹਰਿ ਹਰਿ ਹਰੇ,***
***ਹਰਿ ਬੋਲਤ ਸਭਿ ਪਾਪ ਲਹੋਗੀਆ॥ ਅੰਗ - ੧੩੧੩***

ਇਸ ਵਿਚਾਰ ਤੋਂ ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਵਿੱਚ ਗੁਰ-ਦਰਸ਼ਨਾਂ ਲਈ ਬਿਹਬਲਤਾ ਸਿਖਰਾਂ ਤੇ ਪੁੱਜੀ ਪ੍ਰਤੀਤ ਹੁੰਦੀ ਹੈ। ਉਹ ਪਿਆਰੇ ਪ੍ਰੀਤਮ ਦੀ ਵਡਿਆਈ ਕਰਦਿਆਂ ਰੱਜਦੇ ਨਹੀਂ। ਉਨ੍ਹਾਂ ਦਾ ਭਰੋਸਾ ਸਤਿਗੁਰੂ ਤੇ ਅੱਟਲ ਹੈ, ਜੋ ਕਿਸੇ ਵੀ ਹਾਲਤ ਵਿੱਚ ਡੋਲਦਾ ਨਹੀਂ। ਗੁਰੂ-ਬਚਨਾਂ ਦਾ ਅਸਰ ਉਨ੍ਹਾਂ ਦੇ ਧੁਰ ਹਿਰਦੇ ਤਕ ਹੁੰਦਾ ਹੈ। ਆਪ ਦੀ ਬਾਣੀ ਗੁਰੂ ਦੇ ਮੇਲ ਤੋਂ ਪੈਦਾ ਹੋਈ ਖੁਸ਼ੀ ਤੇ ਗੁਰੂ ਦੇ ਵਿਛੋੜੇ ਤੋਂ ਉਦਾਸੀ ਸੰਜੋਗ-ਵਿਜੋਗ ਦਾ ਅਤਿ ਉੱਤਮ ਨਕਸ਼ਾ ਪੇਸ਼ ਕਰਦੀ ਹੈ। ਆਪ ਦੀ ਬਾਣੀ ਚੋਂ 'ਗੁਰ ਪ੍ਰੀਤ' ਦਾ ਸੁਆਦ ਚੱਖਣ ਨਾਲ ਹੀ ਬਣਦਾ ਹੈ, ਕੇਵਲ ਵਰਣਨ ਨਾਲ ਨਹੀਂ।

# ਮਾਇਆ ਦਾ ਪ੍ਰਭਾਵ ਤੇ ਏਸ ਤੋਂ ਛੁਟਕਾਰਾ

*[ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]*

*ਜਿਨਿ ਲਾਈ ਪ੍ਰੀਤਿ ਸੋਈ ਫਿਰਿ ਖਾਇਆ॥*
*ਜਿਨਿ ਸੁਖਿ ਬੈਠਾਲੀ ਤਿਸੁ ਬਹੁਤੁ ਦਿਖਾਇਆ॥*
*ਭਾਈ ਮੀਤ ਕੁਟੰਬ ਦੇਖਿ ਬਿਬਾਦੇ॥*
*ਹਮ ਆਈ ਵਸਗਤਿ ਗੁਰ ਪਰਸਾਦੇ॥੧॥*
*ਐਸਾ ਦੇਖਿ ਬਿਮੋਹਿਤ ਹੋਏ॥*
*ਸਾਧਿਕ ਸਿਧ ਸੁਰਦੇਵ ਮਨੁਖਾ*
*ਬਿਨੁ ਸਾਧੂ ਸਭਿ ਧ੍ਰੋਹਨਿ ਧ੍ਰੋਹੇ॥੧॥*
*ਇਕਿ ਫਿਰਹਿ ਉਦਾਸੀ ਤਿਨ੍ ਕਾਮਿ ਵਿਆਪੈ॥*
*ਇਕਿ ਸੰਚਹਿ ਗਿਰਹੀ ਤਿਨ੍ ਹੋਇ ਨ ਆਪੈ॥*
*ਇਕ ਸਤੀ ਕਹਾਵਹਿ ਤਿਨ੍ ਬਹੁਤੁ ਕਲਪਾਵੈ॥*
*ਹਮ ਹਰਿ ਰਾਖੇ ਲਗਿ ਸਤਿਗੁਰ ਪਾਵੈ॥*
*ਤਪੁ ਕਰਤੇ ਤਪਸੀ ਭੂਲਾਏ॥*
*ਪੰਡਿਤ ਮੋਹੇ ਲੋਭਿ ਸਬਾਏ॥*
*ਤ੍ਰੈ ਗੁਣ ਮੋਹੇ ਮੋਹਿਆ ਆਕਾਸੁ॥*
*ਹਮ ਸਤਿਗੁਰ ਰਾਖੇ ਦੇ ਕਰਿ ਹਾਥੁ॥*
*ਗਿਆਨੀ ਕੀ ਹੋਇ ਵਰਤੀ ਦਾਸਿ॥*
*ਕਰ ਜੋੜੇ ਸੇਵਾ ਕਰੇ ਅਰਦਾਸਿ॥*
*ਜੋ ਤੂੰ ਕਰਹਿ ਸੁ ਕਾਰ ਕਮਾਵਾ॥*
*ਜਨ ਨਾਨਕ ਗੁਰਮੁਖ ਨੇੜਿ ਨ ਆਵਾ॥੪॥੧॥*

*ਅੰਗ - ੩੭੦*

ਇਸ ਗੁਰਵਾਕ ਦੁਆਰਾ ਜੋਗੀ, ਗਿਰਹੀ, ਤਪੱਸਵੀ, ਉਦਾਸੀ ਆਦਿਕ ਸਾਰੇ ਆਨਮਤ ਭੇਖਾਂ ਦਾ ਖੰਡਨ ਕੀਤਾ ਗਿਆ ਹੈ, ਇਕੋ ਗੁਰਮਤਿ ਮੰਡਨ ਦਰਸਾਇਆ ਗਿਆ ਹੈ।

ਮਾਇਆ ਵਡੇ ਵਡੇ ਕਰਮੀਆਂ, ਧਰਮੀਆਂ ਨੂੰ ਆ ਚਿਮੜਦੀ ਹੈ। ਆਨਮਤ ਕਰਮੀਆਂ ਨੂੰ ਆਣ ਚਿਮੜਦੀ ਹੈ, ਕੇਵਲ ਗੁਰਮਤਿ ਮਾਰਗੀ ਗੁਰਮੁਖਿ ਜਨ ਹੀ ਇਸ ਡਾਇਣ ਤੋਂ ਬਚਦੇ ਹਨ, ਨਹੀਂ ਤਾਂ ਜਿਸ ਪੁਰਸ਼ ਨੇ ਭੀ ਮਾਇਆ ਨਾਲ ਪ੍ਰੀਤ ਲਾਈ ਹੈ, ਉਹ ਉਸੇ ਨੂੰ ਖਾ ਜਾਂਦੀ ਹੈ, ਜਿਸ ਕਿਸੇ ਨੇ ਭੀ ਇਸ ਮਾਇਆ ਦਾ ਆਦਰ ਕੀਤਾ ਹੈ, ਤਿਸੇ ਨੂੰ ਇਸ ਡਾਇਣ ਮਾਇਆ ਨੇ ਭੈ-ਭੀਤਨੀ ਦੰਦ ਦਿਖਾਏ ਹਨ। ਸੰਸਾਰੀ ਭਾਈ ਕੁਟੰਬੀ ਇਸ ਬਪੁਰੀ ਮਾਇਆ ਦੇ ਪਿਛੇ ਲਗ ਕੇ ਆਪਸ ਵਿਚ ਹੀ ਲੜਦੇ ਝਗੜਦੇ ਫਿਰਦੇ ਹਨ। ਸੋਈ ਗੁਰਮੁਖਿ ਜਨ ਇਸ ਤੋਂ ਬਚਦੇ ਹਨ, ਜਿਨ੍ਹਾਂ ਉਤੇ ਗੁਰੂ ਦੀ ਕ੍ਰਿਪਾ ਪ੍ਰਸਾਦ ਦੇ ਕਾਰਨ ਗੁਰਮਤਿ ਮਤਿ ਦ੍ਰਿੜ ਹੋਣ ਦੀ ਕ੍ਰਿਪਾ ਹੁੰਦੀ ਹੈ, ਤਿਨ੍ਹਾਂ ਗੁਰਮਤਿ ਮਾਰਗੀ ਗੁਰਮੁਖਿ ਜਨਾਂ ਦੇ ਤਾਂ, ਇਹ ਲੋਕਾਂ ਨੂੰ ਭਰਮਾਉਣ ਵਾਲੀ ਮਾਇਆ, ਸਗੋਂ ਵਸਗਤਿ ਆ ਜਾਂਦੀ ਹੈ। ਮਾਇਆ ਐਸੀ ਮੋਹਿਣ ਅਤੇ ਛਲਣ ਵਾਲੀ ਹੈ ਕਿ ਇਸ ਨੂੰ ਵੇਖ ਕੇ ਸਾਰੇ ਲੋਗ ਹੀ ਮੋਹੇ ਜਾਂਦੇ ਹਨ। ਇਹ ਜਿਹੜੇ ਸਾਧਿਕ ਸਿਧ ਕਮਾਈਆਂ ਕਰਨ ਵਾਲੇ, ਸੁਰ, ਦੇਵ, ਮਨੁਖ ਆਨਮਤੀ ਲੋਗ ਹਨ, ਸਾਰੇ ਹੀ ਇਸ ਠਗਣੀ ਮਾਇਆ ਨੇ ਠਗ ਲਏ ਹਨ, ਇਸ ਦੇ ਡੰਗੇ ਹੋਏ ਤਾਬ ਨਹੀਂ ਲਿਆ ਸਕਦੇ। ਕੇਵਲ ਉਹ ਹੀ ਗੁਰਮਤਿ ਮਾਰਗੀ ਗੁਰਮੁਖ ਜਨ ਇਸ ਤੋਂ ਬਚਦੇ ਹਨ ਜਿਨ੍ਹਾਂ ਨੇ ਸਚੇ ਸਾਧੂ ਸਤਿਗੁਰੂ ਮਹਾਰਾਜ ਜੀ ਤੋਂ ਗੁਰੂ-ਦੀਖਿਆ ਲਈ ਹੈ।

ਇਹ ਜੋ ਉਦਾਸੀ ਦਾ ਭੇਖ ਧਾਰੀ ਫਿਰਦੇ ਹਨ, ਪਖੰਡੀ ਜਨ, ਅਤੇ ਗੁਰੂ-ਮਤਿ ਵਾਲਾ ਸੁੱਚਾ ਭੇਖ ਧਾਰਨ ਨਹੀਂ ਕਰਦੇ ਤਿਨ੍ਹਾਂ ਨੂੰ ਇਹ ਮਾਇਆ ਕਾਮ ਦੀ ਸ਼ਕਲ ਧਾਰ ਕੇ ਆ ਚਿਮੜਦੀ ਹੈ। ਇਕ ਜਿਹੜੇ ਗ੍ਰਿਹਸਤੀ ਬਣ ਕੇ ਬਿਨਾਂ ਗੁਰਮਤਿ ਮਾਰਗ ਉੱਪਰ ਚੱਲੇ ਤੇ, ਇਸ ਮਾਇਆ ਨੂੰ ਸੰਚਨ (ਇਕੱਤ੍ਰ) ਕਰਨ ਵਿੱਚ ਦਿਨ ਰਾਤ ਖਚਤ ਰਹਿੰਦੇ ਹਨ, ਉਨ੍ਹਾਂ ਦੀ ਭੀ ਇਹ ਮਾਇਆ ਆਪਣੀ ਨਹੀਂ ਬਣਦੀ, ਸਗੋਂ ਧੋਖਾ ਹੀ ਦੇ ਜਾਂਦੀ ਹੈ। ਇਕ ਐਸੇ ਭੀ ਲੋਗ ਹਨ ਜੋ ਅਪਣੇ ਆਪ ਨੂੰ ਜਤੀ-ਸਤੀ ਅਖਵਾਉਂਦੇ ਹਨ, ਤਿਨਾਂ ਨੂੰ ਭੀ ਇਹ ਮਾਇਆ ਪ੍ਰਬਲ ਹੋ ਕੇ ਕਲਪਾਉਂਦੀ ਹੈ ਅਤੇ ਦੁਖ ਪੁਚਾਉਂਦੀ ਹੈ। ਕੇਵਲ ਤਿਨ੍ਹਾਂ ਗੁਰਮੁਖਿ ਜਨਾਂ ਦੀ ਹੀ ਇਸ ਮਾਇਆ ਨਾਗਣ ਤੋਂ ਰੱਖਿਆ ਹੁੰਦੀ ਹੈ, ਜੋ ਸੱਚੇ ਸਤਿਗੁਰੂ ਤੋਂ ਦੀਖਿਆ ਲੈ ਕੇ ਸੱਚੇ ਗੁਰਸਿੱਖ ਬਣਦੇ ਹਨ ਅਤੇ ਗੁਰਮਤਿ ਨਾਮ ਦੀਆਂ ਕਮਾਈਆਂ ਕਰਦੇ ਹਨ।

ਇਸ ਬਪੁੜੀ ਮਾਇਆ ਨੇ ਕਈ ਵੇਸ ਧਾਰਨ ਕਰ ਕੇ ਤਪ ਕਰਦਿਆਂ ਤਪੱਸਵੀ ਜਨਾਂ ਨੂੰ ਵੀ ਰੁਲਾਇਆ ਤੇ ਭੁਲਾਇਆ ਹੈ ਅਤੇ ਤਿਨ੍ਹਾਂ ਆਨਮਤੀ ਤਪੱਸ਼ਰਾਂ ਦੇ ਤਪ ਨੂੰ ਭੰਗ ਕੀਤਾ ਹੈ। ਬੜੇ ਬੜੇ ਪੰਡਤ ਗਿਆਨੀ ਗੁਣੀ ਕਹਾਵਣ ਵਾਲੇ ਆਨਮਤੀ ਜਨ ਭੀ ਸਾਰੇ ਦੇ ਸਾਰੇ ਹੀ ਇਸ

**(ਬਾਕੀ ਪੰਨਾ 29 'ਤੇ)**

# ਪੰਜ ਗਿਆਨ ਇੰਦਰਿਆਂ ਦੇ ਬਿਸਮਾਦੀ ਕੌਤਕ

*[ਪ੍ਰਿੰਸੀਪਲ ਸੱਜਣ ਸਿੰਘ ਜੀ]*

ਗੁਰਮਤਿ ਅਨੁਸਾਰ ਕੋਈ ਘਾਲ ਬਿਰਥੀ ਨਹੀਂ ਜਾਂਦੀ, ਪਰ ਜੇ ਇਹ ਮਿਹਨਤ-ਮੁਸ਼ੱਕਤਿ ਗ਼ਲਤ ਜੁਗਤੀ ਅਧੀਨ ਕੀਤੀ ਹੋਵੇ ਤਾਂ ਤੇਲੀ ਦੇ ਬਲਦ ਵਾਂਗ ਜਾਂ ਪਾਣੀ ਰਿੜਕਣ ਵਾਂਗ ਨਿਹਫਲ ਸਿੱਧ ਹੁੰਦੀ ਹੈ। ਹੁਣ ਵੀ ਬਥੇਰੇ ਪ੍ਰਾਣੀ ਮੱਥੇ ਘਸਾਉਂਦੇ ਹਨ, ਤੀਰਥ ਇਸ਼ਨਾਨ ਕਰਦੇ ਹਨ, ਸੱਚੇ ਗੁਰੂ ਦੇ ਦਰਸ਼ਨ ਕਰਦੇ ਹਨ, ਸੱਚ ਨਾਮ ਉਪਦੇਸ਼ ਸੁਣਦੇ ਹਨ, ਸਾਤਵਿਕ ਭੋਜਨ ਦਾ ਸੇਵਨ ਕਰਦੇ ਹਨ, ਪਰ ਉਨ੍ਹਾਂ ਦੀ ਸੁਰਤੀ-ਬਿਰਤੀ ਪੱਥਰ ਵਾਂਗ ਕਠੋਰ ਅਤੇ ਅਹਿੱਲ ਰਹਿੰਦੀ ਹੈ। ਦੂਸਰੇ ਪਾਸੇ, ਜੇ ਮਨ ਵਿਚ ਸ਼ਕਤੀ, ਸ਼ੁੱਧਤਾ ਤੇ ਅਡੋਲਤਾ ਦਾ ਨਿਵਾਸ ਨਹੀਂ, ਤਾਂ ਗਿਆਨ ਇੰਦਰਿਆਂ ਦਾ ਪਤਿਆਰਾ ਵੀ ਨਹੀਂ ਰਹਿੰਦਾ। ਕਈ ਤਰ੍ਹਾਂ ਦੀਆਂ ਜ਼ਿਦ-ਬਾਜ਼ੀਆਂ, ਅੜੀਆਂ, ਨਿਹੋਰੇ ਤੇ ਬਦਕਲਾਮੀਆਂ ਇਸ ਕਰਕੇ ਵੀ ਵਾਪਰਦੀਆਂ ਹਨ ਕਿ ਹਕੀਕਤ ਹੋਰ ਹੁੰਦੀ ਹੈ, ਪਰ ਦਿੱਸਦੀ ਕੁਝ ਹੋਰ ਹੈ, ਜਾਂ ਕੋਈ ਮਨੁੱਖ ਆਪਣੇ ਵਿਚਾਰ ਦੇਣ ਤੇ ਤੁੱਲਿਆ ਹੁੰਦਾ ਹੈ ਤੇ ਦੂਸਰੇ ਦੀ ਗੱਲ ਵਲ ਧਿਆਨ ਨ ਦੇਣ ਕਾਰਨ ਗ਼ਲਤ ਰੂਪ ਵਿਚ ਸੁਣਦਾ ਹੈ। ਜ਼ਰੂਰੀ ਨਹੀਂ ਕਿ ਇਸ ਤਰ੍ਹਾਂ ਦੇ ਭੁਲੇਖਿਆਂ ਦਾ ਆਧਾਰ ਝੂਠ ਜਾਂ ਕਪਟ ਹੋਵੇ, ਕ੍ਰੋਧ, ਲੋਭ ਜਾਂ ਹੰਕਾਰ ਦਾ ਅੰਸ਼ ਵੀ ਹੋ ਸਕਦਾ ਹੈ। ਇਸ ਤਰ੍ਹਾਂ ਦੀ ਸਥਿੱਤੀ ਵਿਚ ਗ੍ਰਸਤ ਹੋਏ ਜੀਵ ਦੇ ਬਚਨਾਂ ਤੇ ਵਿਸ਼ਵਾਸ ਕਰ ਕੇ ਤਾਣੀਆਂ ਹੋਰ ਉਲਝ ਜਾਂਦੀਆਂ ਹਨ।

ਉਹ ਗੁਰਮੁਖ ਜਨ, ਜਿਹੜੇ ਰਾਜਸੀ ਦਬਾਉ ਅੱਗੇ ਝੁਕਦੇ ਨਹੀਂ, ਸਮਾਜਕ ਤੇ ਧਾਰਮਕ ਕੁਰੀਤੀਆਂ ਦਾ ਡਟ ਕੇ ਟਾਕਰਾ ਕਰਦੇ ਹਨ, ਤੇ ਆਤਮਕ ਬੁਲੰਦੀਆਂ ਨੂੰ ਛੂਹ ਕੇ ਉੱਚ ਆਸਣ ਤੇ ਡੇਰਾ ਲਾਈ ਰੱਖਦੇ ਹਨ, ਉਹਨਾਂ ਨੇ ਪਹਿਲਾਂ ਹੀ, ਸਤਿਗੁਰੂ ਦੀ ਬਖਸ਼ਸ਼ ਦੁਆਰਾ ਇੰਦਰੀਆਂ ਨੂੰ ਸੋਧਿਆ ਹੁੰਦਾ ਹੈ -

*ਗੁਰਿ ਭਉਜਲੁ ਪਾਰਿ ਲੰਘਾਇਆ, ਜਿਤਾ ਪਾਵਾੜਾ॥*
*ਗੁਰਮਤੀ ਸਭਿ ਰਸ ਭੋਗਦਾ, ਵਡਾ ਆਖਾੜਾ॥*
*ਸਭਿ ਇੰਦ੍ਰੀਆਂ ਵਸਿ ਕਰਿ ਦਿਤੀਓ ਸਤਵੰਤਾ ਸਾੜਾ॥*
*ਜਿਤੁ ਲਾਈਅਨਿ ਤਿਤੈ ਲਗਦੀਆ ਨਹ ਖਿੰਜੋਤਾੜਾ॥੧੦॥*

*ਅੰਗ - ੧੦੯੭-੯੮*

ਇਹ ਤਬਦੀਲੀ ਗੱਲਾਂ ਨਾਲ ਨਹੀਂ ਹੁੰਦੀ, ਨਾ ਕੇਵਲ ਆਪਣੇ ਕਰਮਾਂ ਨਾਲ, ਕਿਉਂਕਿ ਹੁਕਮ ਸਭ ਤੋਂ ਸ਼੍ਰੋਮਣੀ ਹੈ। ਹੁਕਮਨ ਸਿਰ ਹੁਕਮ, ਸਤਿਗੁਰੂ ਵਾਲਾ ਬਣ ਕੇ ਨਾਮ ਅਭਿਆਸ ਕਰਨ ਦਾ ਹੈ, ਜਿਸ ਦੇ ਫਲ-ਸਰੂਪ ਰਸ-ਜੋਤਿ, ਪ੍ਰਕਾਸ਼ ਦੀ ਗੁੱਝੀ ਕਲਾ ਜ਼ਾਹਰਾ ਜ਼ਹੂਰ ਪ੍ਰਗਟ ਹੋਇ ਆਉਂਦੀ ਹੈ। ਇਉਂ ਪੰਜ ਗਿਆਨ ਇੰਦਰੀਆਂ ਵੀ ਆਤਮਕ ਅਨੰਦ ਦੀ ਖੁਸ਼ੀ ਦਾ ਗੀਤ ਗਾਉਂਦੀਆਂ ਹਨ। ਹੁਕਮ ਹੈ -

*ਚਰਣ ਕਮਲ ਰਿਦ ਅੰਤਰਿ ਧਾਰੇ॥*
*ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ॥੨॥*
*ਪੰਚ ਸਖੀ ਮਿਲਿ ਮੰਗਲੁ ਗਾਇਆ॥*
*ਅਨਹਦ ਬਾਣੀ ਨਾਦੁ ਵਜਾਇਆ॥੩॥੧੧॥*

*ਅੰਗ - ੩੭੫*

ਪੰਚਮ ਪਿਤਾ ਨੇ ਸੁਹਾਗਣ ਰੂਪ ਸਖ਼ੀ ਸਹੇਲੜੀ ਨੂੰ ਪਵਿੱਤਰ ਆਚਰਣ ਦਾ ਸੀਗਾਰ, ਭਉ ਦਾ ਸੁਰਮਾ, ਅੰਮ੍ਰਿਤ ਨਾਮ ਦਾ ਤੰਬੋਲ (ਪਾਨ) ਤੇ ਸ਼ੁਭ ਗੁਣਾਂ ਦਾ ਤੰਤਰ ਧਾਰਨ ਕਰ ਕੇ ਦਸ ਇੰਦਰੀਆਂ (ਗਿਆਨ ਤੇ ਕਰਮ ਇੰਦਰੀਆਂ) ਨੂੰ ਦਾਸੀਆਂ ਬਣਾ ਕੇ ਸੇਵਾ ਕਰਾਉਣ ਦੀ ਜੁਗਤੀ ਦੱਸੀ ਹੈ। ਪਾਵਨ ਹੁਕਮ ਹੈ -

*ਗ੍ਰਿਹੁ ਵਸਿ ਗੁਰਿ ਕੀਨਾ ਹਉ ਘਰਿ ਕੀ ਨਾਰਿ॥*
*ਦਸ ਦਾਸੀ ਕਰਿ ਦੀਨੀ ਭਤਾਰਿ॥*
*ਸਗਲ ਸਮਗੀ ਮੈ ਘਰ ਕੀ ਜੋੜੀ॥*
*ਆਸ ਪਿਆਸੀ ਪਿਰ ਕਉ ਲੋੜੀ॥੧॥*
*ਕਵਨ ਕਹਾ ਗੁਨ ਕੰਤ ਪਿਆਰੇ॥*
*ਸੁਘੜ ਸਰੂਪ ਦਇਆਲ ਮੁਰਾਰੇ॥੧॥ਰਹਾਉ॥*
*ਸਤੁ ਸੀਗਾਰੁ ਭਉ ਅੰਜਨੁ ਪਾਇਆ॥*
*ਅੰਮ੍ਰਿਤ ਨਾਮੁ ਤੰਬੋਲੁ ਮੁਖਿ ਖਾਇਆ॥*
*ਕੰਗਨ ਬਸਤ੍ਰ ਗਹਨੇ ਬਨੇ ਸੁਹਾਵੇ॥*

*ਧਨ ਸਭ ਸੁਖ ਪਾਵੈ ਜਾਂ ਪਿਰੁ ਘਰਿ ਆਵੈ॥੨॥*
*ਗੁਣ ਕਾਮਣ ਕਰਿ ਕੰਤੁ ਰੀਝਾਇਆ॥*
*ਵਸਿ ਕਰਿ ਲੀਨਾ ਗੁਰਿ ਭਰਮੁ ਚੁਕਾਇਆ॥*
*ਸਭ ਤੇ ਊਚਾ ਮੰਦਰੁ ਮੇਰਾ॥*
*ਸਭ ਕਾਮਣਿ ਤਿਆਗੀ ਪ੍ਰਿਉ ਪ੍ਰੀਤਮੁ ਮੇਰਾ॥੩॥*
*ਪ੍ਰਗਟਿਆ ਸੂਰੁ ਜੋਤਿ ਉਜੀਆਰਾ॥*
*ਸੇਜ ਵਿਛਾਈ ਸਰਧ ਅਪਾਰਾ॥*
*ਨਵ ਰੰਗ ਲਾਲੁ ਸੇਜ ਰਾਵਣ ਆਇਆ॥*
*ਜਨ ਨਾਨਕ ਪਿਰ ਧਨ ਮਿਲਿ ਸੁਖੁ ਪਾਇਆ॥੪॥੪॥*
*ਅੰਗ - ੭੩੭*

ਗੁਰਦੇਵ ਜੀ ਫ਼ੁਰਮਾਉਂਦੇ ਹਨ ਕਿ ਇਹ ਇੰਦਰੀਆਂ ਇਕ (ਸਤਿ ਨਾਮੁ ਜਾਂ ਉੱਚੀ ਸੁਰਤੀ) ਦੀ ਤਾਬਿਆਦਾਰੀ ਕਰ ਕੇ ਵੈਰਾਗਵਾਨ ਬਣ ਗਈਆਂ ਹਨ ਤੇ ਪੁਰਾਣਾ ਸੁਭਾਉ ਛੱਡ ਕੇ ਵਿਸ਼ਿਆਂ ਤੋਂ ਨਿਰਲੇਪ ਹੋ ਗਈਆਂ ਹਨ -

*ਪੰਚ ਚੋਲੇ ਮਿਲਿ ਭਏ ਇਕਤ੍ਰਾ ਏਕਸੁ ਕੈ ਵਸਿ ਕੀਏ॥*
*ਦਸ ਬੈਰਾਗਨਿ ਆਗਿਆਕਾਰੀ ਤਬ ਨਿਰਮਲ ਜੋਗੀ ਥੀਏ॥੨॥੧੩੨॥* *ਅੰਗ - ੨੦੮*

ਪੂਰਨ ਬ੍ਰਹਮ ਗਿਆਨੀ ਦੀ ਦ੍ਰਿਸ਼ਟੀ ਸਾਧਾਰਨ ਦ੍ਰਿਸ਼ਟੀ ਨਹੀਂ ਰਹਿੰਦੀ। ਉਸਨੂੰ ਬ੍ਰਹਮੰਡ ਵਿਚ ਅਕਾਲ ਪੁਰਖ ਦੀ ਜੋਤਿ ਇਕ-ਸਮਾਨ ਪਸਰੀ ਨਜ਼ਰ ਆਉਂਦੀ ਹੈ, ਦਵੈਤ ਭਾਵਨਾ ਦਾ ਨਾਮੋ ਨਿਸ਼ਾਨ ਮਿਟ ਜਾਂਦਾ ਹੈ, ਦਰਸ-ਪਿਆਸੀਆਂ ਅੱਖੀਆਂ ਜੋਤਿ ਦੀ ਝਲਕ ਤੱਕ ਕੇ ਮੋਹੀਆਂ ਜਾਂਦੀਆਂ ਹਨ

*ਨੈਣ ਪਸੰਦੋ ਸੋਇ ਪੇਖਿ ਮੁਸਤਾਕ ਭਈ॥*
*ਮੈ ਨਿਰਗੁਣਿ ਮੇਰੀ ਮਾਇ ਆਪਿ ਲੜਿ ਲਾਇ ਲਈ॥੩॥*
*ਬੇਦ ਕਤੇਬ ਸੰਸਾਰ ਹਭਾ ਹੂੰ ਬਾਹਰਾ॥*
*ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ॥੪॥੩॥੧੦੫॥*
*ਅੰਗ - ੩੯੭*

ਜਦ ਬ੍ਰਹਮ ਗਿਆਨੀ ਪ੍ਰੇਮ ਦੀ ਤੀਬਰਤਾ ਕਾਰਨ ਵੈਰਾਗਮਈ ਅਵਸਥਾ ਵਿਚ ਵਿਚਰਦਾ ਹੈ, ਉਸ ਦੇ ਨੇਤਰਾਂ 'ਚੋਂ ਆਸਾਰ ਨੀਰ ਵਹਿੰਦਾ ਹੈ, ਕਦੇ ਰੋਂਦਾ ਹੈ, ਕਦੇ ਹੱਸਦਾ ਹੈ, ਜਾਂ ਭਾਣੇ ਵਿਚ ਚੁੱਪ ਹੋਇ ਰਹਿੰਦਾ ਹੈ। ਨਾਮ ਦੀ ਖੁਮਾਰੀ ਐਸਾ ਪ੍ਰੇਮ ਦਾ ਨਸ਼ਾ ਹੈ ਜਿਹੜਾ ਅੱਖਾਂ ਵਿਚ ਅਜਬ ਸਰੂਰ ਭਰਨ ਵਾਲੀ ਲਾਲੀ ਭਰਦਾ ਹੈ। ਇਹ ਲਾਲੀ ਰੋਗੀ ਅਖਾਂ ਦੀ ਲਾਲੀ ਤੋਂ ਬਿਲਕੁਲ ਵੱਖਰੀ ਹੈ। ਇਸ ਵਿਚ ਸਹਜ, ਖੇੜਾ, ਅਨੰਦ ਹੈ, ਰੂਹਾਨੀ ਖਿੱਚ ਹੈ, ਪਰ ਪ੍ਰੇਮਾ-ਭਗਤੀ ਤੋਂ ਵਿਰਵੀਆਂ ਅੱਖਾਂ ਵਿਚ ਦਰਦ, ਭਟਕਣ ਤੇ ਅਸ਼ਾਂਤੀ ਹੈ। ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ੧੯੦੪ ਵਿਚ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਪੁਰਬ ਤੇ ਬੀਤੀ ਘਟਨਾ ਦਾ ਹਵਾਲਾ ਨਦਰ-ਅਨੰਦੀ ਵਿਗਾਸ ਚਿੱਠੀ ਨੰਬਰ ੪ ਵਿਚ ਦਿੱਤਾ ਹੈ -

(੧) ਹੁਣ ਤੋਂ ਵਧ ਕੇ ਸੁਆਦਲੀ ਗੱਲ ਇਹ ਕਿ ਮੇਰੀਆਂ ਪ੍ਰੇਮ-ਕਸਾਈਆਂ ਤੇ ਹਿਤ-ਅਣਸਾਈਆਂ ਅੱਖੀਆਂ ਵਿਚ ਇਕ ਰਸਿਕ ਅਨੰਦ ਬਿਨੋਦੀ ਖਿੱਚ ਮੈਨੂੰ ਆਪਣੇ ਆਪ ਨੂੰ ਖੀਵਾ ਕਰੀ ਜਾਵੇ। *(ਜੇਲ ਚਿੱਠੀਆਂ, ਪੰਨਾ ੬੯)*

(੨) ਹੁਣ ਸਾਰੀ ਸੰਗਤ ਵਿਚ ਇਕ ਹੋਰ ਹਵਾ ਫਿਰੀ, ਕਿ ਜੋ ਮੇਰੇ ਨੇੜੇ ਆਵੇ ਓਹ ਰੀਝ ਤੇ ਨੀਝ ਲਾ ਕੇ ਝੁਕ ਝੁਕ ਮੇਰੀਆਂ ਅੱਖਾਂ ਵਲ ਵੇਖੇ ਤੇ ਵੇਖੀ ਜਾਵੇ, ਹਟੇ ਨਾ। ਮੈਂ ਔਖਾ ਹੋ ਕੇ ਕੰਬਲ ਆਪਣੇ ਮੂੰਹ ਤੇ ਲੈ ਲਵਾਂ, ਪਰ ਉਹ ਫੇਰ ਲਹਿ ਜਾਵੇ। ਫੇਰ ਉਹ ਹਾਲ ਕਿ ਮੇਰੀਆਂ ਅੱਖਾਂ ਵਲੋਂ ਸਾਰਿਆਂ ਦੀਆਂ ਝਾਤੀਆਂ। ਮੈਂ ਅੱਕ ਕੇ ਆਖ ਹੀ ਦਿੱਤਾ ਕਿ ਤੁਸੀਂ ਮੇਰੀਆਂ ਅੱਖਾਂ ਵਲ ਕਿਉਂ ਔਖੇ ਹੋ ਕੇ ਦੇਖਦੇ ਹੋ? ਦੋ ਤਿੰਨਾਂ ਨੇ ਕਿਹਾ, ਜੋ ਬਹੁਤ ਹੀ ਘੱਟੂ ਹੋਇ ਫਿਰਦੇ ਸਨ ਕਿ ਇਨ੍ਹਾਂ ਅਖਾਂ ਵਿਚ ਐਸੀ ਖਿੱਚ ਤੇ ਚਮਕ ਹੈ, ਜੋ ਚੁੰਬਕ ਵਾਂਙੂ ਸਾਡੀਆਂ ਦ੍ਰਿਸ਼ਟੀਆਂ ਨੂੰ ਖਿਚਦੀ ਹੈ। ਮੈਨੂੰ ਇਹ ਗੱਲਾਂ ਸੁਣ ਕੇ ਬੜੀ ਸੰਗ ਲਗੇ, ਐਵੇਂ ਟਾਲ-ਮਟੋਲੇ ਕਰੀ ਜਾਵਾਂ। *(ਜੇਲ੍ਹ ਚਿੱਠੀਆਂ, ਪੰਨਾ ੭੦-੭੧)*

ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਜਦ ਸਮਾਧੀ ਬਾਅਦ ਨੇਤਰ ਖੋਲਦੇ ਸਨ ਤਾਂ ਉਹਨਾਂ ਵਿਚੋਂ ਅੰਮ੍ਰਿਤ ਨਾਮ ਦੇ ਝਰਨੇ ਵਗਦੇ ਸਨ। ਭਾਵੇਂ ਇਹ ਅੰਮ੍ਰਿਤ-ਵਰਖਾ ਇਕ-ਸਾਰ ਸੀ, ਫਿਰ ਵੀ ਸੰਗਤ ਹਜ਼ੂਰ ਦੀ ਪਹਿਲੀ ਦ੍ਰਿਸ਼ਟੀ ਆਪਣੇ ਉੱਪਰ ਪੁਆਉਣ ਲਈ ਤਰਸਦੀ ਸੀ ।ਟਲ ਭੱਟ ਇਸ ਅੰਮ੍ਰਿਤ ਦ੍ਰਿਸ਼ਟੀ ਦਾ ਵਰਨਣ ਸਵੱਈਆਂ ਵਿਚ ਕਰਦਾ ਹੈ -

*ਅਮਿਅ ਦ੍ਰਿਸਟਿ ਸੁਭ ਕਰੈ ਹਰੈ ਅਘ ਪਾਪ ਸਕਲ ਮਲ॥*
*ਕਾਮ ਕ੍ਰੋਧ ਅਰੁ ਲੋਭ ਮੋਹ ਵਸਿ ਕਰੈ ਸਭੈ ਬਲ॥*
*ਸਦਾ ਸੁਖੁ ਮਨਿ ਵਸੈ ਦੁਖੁ ਸੰਸਾਰਹ ਖੋਵੈ॥*
*ਗੁਰੁ ਨਵ ਨਿਧਿ ਦਰੀਆਉ ਜਨਮ ਹਮ ਕਾਲਖ ਧੋਵੈ॥*
*ਸੁ ਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ॥*
*ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ॥੧੦॥* *(ਸਵਈਏ ਮਹਲੇ ਦੂਜੇ ਕੇ, ੧੩੯੨)*

ਸਤਿਗੁਰੂ ਨਾਨਕ ਦੇਵ ਜੀ ਦੀ ਅਮਿਅ ਦ੍ਰਿਸ਼ਟੀ ਨੇ ਤਨ, ਮਨ ਤੇ ਆਤਮਾ ਦੀਆਂ ਕੱਚਿਆਈਆਂ ਦੂਰ ਕਰ ਕੇ ਇਨ੍ਹਾਂ ਨੂੰ ਸਦਾ ਲਈ ਪ੍ਰਫੁੱਲਤ ਕਰ ਦਿੱਤਾ, ਕਉੜਤਣ ਮਿਟਾ ਕੇ ਮਿਠਾਸ ਭਰੀ, ਸੁੱਕੇ ਬਿਰਛ-ਬੂਟਿਆਂ ਨੂੰ ਹਰਿਆਲੀ ਦਿੱਤੀ, ਧੁਆਂਖਿਆਂ ਹਿਰਦਿਆਂ ਨੂੰ

ਜਗਮਗਾਇਆ, ਮੁਰਦਾ ਰੂਹਾਂ ਨੂੰ ਨਵ-ਜੀਵਨ ਬਖਸ਼ਿਆ, ਅਨਿਕ ਰੋਗਾਂ ਦੀ ਨਵਿਰਤੀ ਕੀਤੀ ਤੇ ਮਾਇਆ ਵਿਚ ਚੁੰਧਿਆਏ ਹੋਇਆਂ ਨੂੰ ਪ੍ਰਭੂ ਦੇਖਣ ਦੀ ਚਾਹ ਦੀ ਦਾਤਿ ਬਖ਼ਸ਼ੀ।

ਕਲਗੀਧਰ ਪਾਤਸ਼ਾਹ ਜੀ ਦੇ ਮਸਤ ਨੈਨਾਂ ਦੀ ਤਾਬ ਨੂੰ ਕਿਹੜਾ ਝੱਲ ਸਕਦਾ ਸੀ? ਜਿਸ ਬੰਦੇ ਨੂੰ ਵੀ ਤੱਕਣ ਦਾ ਸੁਭਾਗ ਪ੍ਰਾਪਤ ਹੋਇਆ, ਉਹ ਹੀ ਨਦਰੀ ਨਦਰਿ ਨਿਹਾਲ ਹੋ ਗਿਆ। ਭਾਈ ਨੰਦ ਲਾਲ ਆਪਣੀ ਦੂਸਰੀ ਗ਼ਜ਼ਲ ਵਿਚ ਆਖਦੇ ਹਨ –

*ਮਾਂ ਨਮੇਂ ਆਮ ਤਾਬੇ ਗ਼ਮਜ਼ਾ-ਇ ਮਿਯਗਾਨਿ ਊ॥*
*ਯਕ ਨਿਗਾਹਿ ਜਾਂ ਫ਼ਜ਼ਾਇਸ਼, ਬਸ ਬਵਦ ਦਰਕਾਰਿ॥੨॥*

ਅਰਥਾਤ, ਮੈਂ ਉਸ ਮਸਤ ਨੇਤਰਾਂ ਵਾਲੇ ਦੀ ਇਕ ਨਿਗਾਹ ਵੀ ਨਹੀਂ ਸਹਾਰ ਸਕਦਾ। ਮੈਨੂੰ ਲੋੜ ਹੈ ਕੇਵਲ ਇਕ ਮਿਹਰ ਦੀ ਤੱਕਣੀ ਦੀ, ਜਿਹੜੀ ਮੇਰੇ ਲਈ ਸੰਜੀਵਨੀ ਬੂਟੀ ਹੈ।

ਸਤਿਗੁਰੂ ਨਾਨਕ ਦੇਵ ਜੀ ਦੇ ਪਾਵਨ ਚਰਨ ਕਮਲ ਪਰਸਣ ਦੀ ਮਹਿਮਾ ਅਪਰ ਅਪਾਰ ਹੈ। ਜਿਸਨੇ ਸੀਸ ਨਿਵਾਇਆ, ਉਸ ਦੇ ਮੱਥੇ ਦੀਆਂ ਉਲਟੀਆਂ ਰੇਖਾਵਾਂ ਸਿੱਧੀਆਂ ਹੋ ਗਈਆਂ। ਇਨਸਾਨ ਤਾਂ ਸਜੀਵ ਹੈ, ਧਰਤੀ ਵੀ ਪਰਸਣ ਯੋਗ ਹੋ ਗਈ।

*ਜਿਥੈ ਬਾਬਾ ਪੈਰ ਧਰੈ ਪੂਜਾ ਆਸਣੁ ਥਾਪਣ ਸੋਆ॥*
*ਭਾਈ ਗੁਰਦਾਸ ਜੀ, ੧/੨੭*

ਹਜ਼ੂਰ ਦਾ ਸਮੁੱਚਾਂ ਜੀਵਨ ਸਪਰਸ਼-ਕਲਾ ਦੀਆਂ ਰਹਿਮਤਾਂ ਨਾਲ ਭਰਪੂਰ ਹੈ…ਪੱਥਰ ਪਰਸਿਆ, ਮੋਮ ਵਾਂਗ ਢਲ ਗਿਆ ਤੇ ਪੰਜੇ ਦਾ ਨਿਸ਼ਾਨ ਬਣਾ ਗਿਆ। ਚਰਨ ਕਮਲਾਂ ਨਾਲ ਧਰਤੀ ਪਰਸੀ, ਨਿਰਮਲ ਜਲ ਦਾ ਪਰਵਾਹ ਚੱਲ ਪਿਆ। ਤੇ ਇਹ ਅਸਥਾਨ ਭਾਰਤ ਦਾ ਪੰਜਾ ਸਾਹਿਬ (ਬਿਦਰ ਵਿਚ) ਦੇ ਨਾਮ ਨਾਲ ਸੁਸ਼ੋਭਤ ਹੋਇਆ। ਭਾਈ ਲਾਲੋ ਦੀ ਦਸਾਂ ਨਹੁੰਆਂ ਦੀ ਕਿਰਤ ਦੀ ਰੋਟੀ ਵਿਚੋਂ ਦੁੱਧ ਦੀ ਧਾਰਾ ਤੇ ਮਲਕ ਭਾਗੋ ਦੀ ਪਾਪ ਦੀ ਕਮਾਈ ਤੋਂ ਬਣੀ ਪੂੜੀ ਵਿਚੋਂ ਖ਼ੂਨ ਦੀ ਧਾਰਾ ਵਹਿ ਤੁਰੀ। ਜਿਸ ਦੇ ਮੱਥੇ ਤੇ ਹੱਥ ਰੱਖਿਆ, ਉਸ ਦੇ ਸਰੀਰ ਵਿਚ ਝਰਨਾਟ ਛਿੜੀ ਤੇ ਕਪਾਟ ਖੁੱਲ ਗਏ। ਕੋੜ੍ਹੀ ਤੇ ਬਖਸ਼ਸ਼ ਕੀਤੀ, ਰੋਗੀ ਕਾਇਆ ਕੰਚਨ-ਵੰਨੀ ਅਰੋਗ ਸਰੀਰ ਵਿਚ ਬਦਲ ਗਈ।

ਨਾਮ ਦੀ ਕਲਾ ਦਾ ਪ੍ਰਭਾਵ ਕੇਵਲ ਮਨ ਉਤੇ ਹੀ ਨਹੀਂ ਪੈਂਦਾ, ਚਮੜੀ ਤੇ ਤਨ ਦੇ ਰੰਗਾਂ ਤੇ ਵੀ ਪੈਂਦਾ ਹੈ। ਨਾਮ ਆਪਣੀ ਸੁਗੰਧੀ, ਤਰਾਵਟ ਤੇ ਸ਼ਕਤੀ ਨੂੰ ਖ਼ੂਨ ਦੁਆਰਾ ਸਰੀਰ ਦੇ ਹੋਰ ਅੰਗਾਂ ਸਮੇਤ ਚਮੜੀ ਤੱਕ ਪਹੁੰਚਾਉਂਦਾ ਹੈ। ਨਾਮ-ਰਸੀਆਂ ਦਾ ਰੋਮ ਰੋਮ ਵਾਹਿਗੁਰੂ ਦੀ ਧੁਨੀ ਉਚਾਰਨ ਕਰਦਾ ਹੈ। ਜਿਨ੍ਹਾਂ ਡਾਕਟਰਾਂ ਨੇ ਐਸੇ ਗੁਰਸਿੱਖਾਂ ਦਾ ਸਰੀਰਕ ਮੁਆਇਨਾ ਕੀਤਾ, ਉਹ ਚਕ੍ਰਿਤ ਰਹਿ ਗਏ ਕਿ ਰੋਮ ਰੋਮ ਨੂੰ ਵਾਹਿਗੁਰੂ ਜਪਣ ਲਈ ਰਸਨਾ ਲੱਗੀ ਹੋਈ ਹੈ।

*ਰੋਮਿ ਰੋਮਿ ਹਰਿ ਉਚਰੈ ਖਿਨੁ ਖਿਨੁ ਹਰਿ ਸੋਈ ॥੨੫॥*
*ਵਾਰ ਸਾਰੰਗ – ੧੨੪੭*

ਮਾਸ ਰਤੁ ਕੇਰੀ ਰਸਨਾ ਤੀਹ ਬੱਤੀ ਦੰਦਾਂ ਦੀ ਕੈਂਚੀ ਵਿਚ ਹੈ। ਜਿੱਥੇ ਮਨਮੁਖ ਦੇ ਦੰਦ ਕੈਂਚੀ ਵਾਂਗਰ ਕੱਟਦੇ-ਵੱਢਦੇ ਹਨ, ਉਥੇ ਉਸ ਦੀ ਰਚਨਾ ਵੀ ਕੈਂਚੀ ਵਾਂਗਰ ਚੱਲਦੀ ਹਿਰਦਿਆਂ ਨੂੰ ਚੀਰਦੀ ਜਾਂਦੀ ਹੈ। ਜੇ ਭਗਤ ਨਾਮਦੇਵ ਜੀ ਵਲ ਤੱਕੀਏ ਤਾਂ ਉਨ੍ਹਾਂ ਦੀ ਨਾਮ-ਜਪਦੀ ਜਿਹਬਾ ਐਸੀ ਉੱਤਮ ਕੈਂਚੀ ਹੈ ਜਿਹੜੀ ਜਮ ਦੀ ਫਾਸੀ ਕੱਟਦੀ ਹੈ। ਫੁਰਮਾਨ ਹੈ –

*ਮਨੁ ਮੇਰੋ ਗਜੁ ਜਿਹਬਾ ਮੇਰੀ ਕਾਤੀ॥*
*ਮਪਿ ਮਪਿ ਕਾਟਉ ਜਮ ਕੀ ਫਾਸੀ॥੧॥੩॥*
*ਅੰਗ – ੪੮੫*

ਸੱਜਣ ਸੁਆਮੀ ਅਕਾਲ ਪੁਰਖ ਮਿਠ-ਬੋਲੜਾ ਹੈ ਤੇ ਉਸ ਨੂੰ ਧਿਆਉਣ ਵਾਲੇ ਦੀ ਰਸਨਾ ਵਿਚ ਵੀ ਅੰਮ੍ਰਿਤ ਦੀ ਮਿਠਾਸ ਭਰ ਜਾਂਦੀ ਹੈ। ਇਹ ਕੇਵਲ ਸਿਧਾਂਤਕ ਸੱਚ ਨਹੀਂ ਸਗੋਂ ਜਿਸ ਤੇ ਕਿਰਪਾ ਹੋਈ,ਉਸ ਨਾਮ-ਰਸ ਵਿੱਚ ਗੜੁੰਦ ਜਿਹਬਾ ਨੂੰ ਅਮਲੀ ਤੌਰ ਤੇ ਵੀ ਮਿਠਾਸ ਦਾ ਅਨੁਭਵ ਹੋਇਆ ਹੈ। ਆਨ ਰਸਾਂ ਦੇ ਤਿਆਗ ਤੇ ਨਿੰਦਾ ਚੁਗਲੀ, ਫਿਕੇ ਬਚਨ ਤੋਂ ਗੁਰੇਜ਼ ਕਰਨ ਤੇ ਹੀ ਹਸਨਾ ਵਿਚ ਆਤਮਕ ਕਲਾ ਪਰਵੇਸ਼ ਕਰਦੀ ਹੈ। ਇਸ ਦੇ ਇਲਾਵਾ ਪ੍ਰਮੁੱਖ ਸਾਧਨ ਹੈ, ਪੰਚ ਸਬਦੁ, ਗੁਰ ਸਬਦ ਦਾ ਰਸਨਾ ਦੁਆਰਾ ਜਾਪ ਤੇ ਕੀਰਤਨ, ਜਿਸ ਦੇ ਤੁੱਲ ਦਸਮ ਦੁਆਰ ਦੀ ਖੇਡ ਵਰਤ ਕੇ ਅੰਮ੍ਰਿਤ ਨਾਮ ਰਸ ਝਰਨਾ ਹਕੀਕਤ ਵਿਚ ਬਦਲਦਾ ਹੈ। ਉਹ ਗੁਰਮੁਖ ਆਪ ਵੀ ਅੰਮ੍ਰਿਤ ਨਾਮ ਰੱਖਦਾ ਹੈ ਤੇ ਦੂਸਰਿਆਂ ਦੀ ਅਵਸਥਾ ਦੀ ਸੋਝੀ ਰੱਖਦਿਆਂ ਯੋਗ ਪ੍ਰੇਰਨਾ ਵੀ ਕਰਦਾ ਹੈ।

ਜਿਹੜੀ ਰਸਨਾ ਨਿੰਦਾ, ਮਿਥਿਆ, ਝੂਠ, ਕਉੜੱਤਣ ਨੂੰ ਛੂੰਹਦੀ ਨਹੀਂ, ਸਗੋਂ ਸੱਚ ਕਹਿੰਦੀ ਹੈ ਤੇ ਸੱਚ ਧਿਆਉਂਦੀ ਹੈ; ਉਸ ਤੋਂ ਨਿਕਲਿਆ ਬਚਨ 'ਸਾਧ ਬਚਨ ਅਟਲਾਧਾ' ਦੀ ਕਸੌਟੀ ਤੇ ਪੂਰਾ ਉੱਤਰਦਾ ਹੈ। ਐਸੀਆਂ

ਘਟਨਾਵਾਂ ਵਾਪਰਦੀਆਂ ਹੀ ਰਹਿੰਦੀਆਂ ਹਨ ਕਿ ਜਿਹੜਾ ਕੋਈ ਕਾਰਜ ਕਿਸੀ ਜੁਗਤੀ ਨਾਲ ਸਿਰੇ ਨਹੀਂ ਚੜ੍ਹਦਾ, ਉਹ ਇਕ ਸੱਚੇ ਗੁਰਮੁਖ ਦੀ ਰਸਨਾ ਦੁਆਰਾ ਪੂਰਾ ਹੋ ਜਾਂਦਾ ਹੈ।

ਸੱਚਾ ਸਤਿਗੁਰੂ ਜਦ ਜੀਵ ਤੇ ਕਿਰਪਾ-ਦ੍ਰਿਸ਼ਟੀ ਕਰਕੇ ਨਾਮ ਦ੍ਰਿੜਾਉਂਦਾ ਹੈ ਤਾਂ ਉਸ ਦੇ ਹਿਰਦੇ ਵਿਚ ਮਾਨ ਚੰਦਨ ਦਾ ਬੂਟਾ ਉਗਮ ਪੈਂਦਾ ਹੈ, ਜਿਸ ਦੀ ਭਿੰਨੀ ਭਿੰਨੀ ਗੰਧ ਤੋਂ ਸਾਰਾ ਚੌਗਿਰਦਾ ਮਹਿਕ ਉਠਦਾ ਹੈ। ਭਗਤ ਕਬੀਰ ਜੀ ਦਾ ਫ਼ੁਰਮਾਨ ਹੈ –

*ਕਿਰਪਾ ਕਰਿ ਕੈ ਨਾਮੁ ਦ੍ਰਿੜਾਈ॥*
*ਹਰਿ ਹਰਿ ਬਾਸੁ ਸੁਗੰਧ ਬਸਾਈ॥੫॥੧੯॥*
*ਗਉੜੀ ਕਬੀਰ ਜੀ - ੩੨੯*

ਸਤਿਗੁਰੂ ਨਾਨਕ ਦੇਵ ਜੀ ਬਾਰੇ ਆਮ ਚਰਚਾ ਸੀ ਕਿ "ਨਾਨਕ ਤਪਾ ਮੁਸਕਿਆ ਹੈ।" ਅਰਥਾਤ, ਸਤਿਗੁਰੂ ਨਾਨਕ ਦੇਵ ਜੀ ਦੀ ਨਾਮ-ਸੁਗੰਧੀ ਸਾਰੇ ਸੰਸਾਰ ਵਿਚ ਫੈਲੀ ਹੈ। ਇਸ ਪਾਵਨ ਗੰਧ ਨੂੰ ਸਾਧਾਰਨ ਜੀਵ ਨੇ ਬੇਸ਼ਕ ਨ ਜਾਣਿਆ ਹੋਵੇ, ਪਰ ਪਵਿੱਤਰ ਨਾਸਿਕਾ ਵਾਲੇ ਹਰਿ ਜਨ-ਨੂੰ ਸੋਝੀ ਹੋ ਜਾਂਦੀ ਸੀ।

ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਦਸਮੇਸ਼ ਪਿਤਾ ਜੀ ਇਕ ਦਿਨ ਨੀਲੇ ਘੋੜੇ ਤੇ ਸਵਾਰ ਹੋ ਕੇ ਜਾ ਰਹੇ ਸਨ ਕਿ ਇਕ ਖੇਤ ਕੋਲ ਨੀਲਾ ਅਚਾਨਕ ਰੁੱਕ ਗਿਆ ਤੇ ਅੱਗੇ ਬਿਲਕੁਲ ਨ ਵਧੇ। ਕਾਰਨ ਇਹ ਸੀ ਕਿ ਉਸ ਖ਼ੇਤ ਵਿਚ ਤਮਾਕੂ ਬੀਜਿਆ ਹੋਇਆ ਸੀ। ਨੀਲੇ ਘੋੜੇ ਦੇ ਗਿਆਨ ਇੰਦਰਿਆਂ ਨੂੰ ਏਨੀ ਅਥਾਹ ਸੋਝੀ, ਨਿਰਮਲਤਾ ਤੇ ਸ਼ਕਤੀ! ਇਹ ਕਰਾਮਾਤ ਹਜ਼ੂਰ ਦੇ ਨਾਮ-ਸੁਗੰਧਤ ਵਾਤਾਵਰਣ ਦੀ ਸੀ, ਜਿਸ ਨੇ ਹੈਵਾਨਾਂ ਨੂੰ ਇਨਸਾਨਾਂ ਤੋਂ ਵੀ ਉਤਮ ਬਣਾਇਆ ਹੋਇਆ ਸੀ।

ਪਸ਼ੂਆਂ ਤੇ ਮਨੁੱਖਾਂ ਵਿਚ ਵਿਸ਼ੇਸ਼ ਅੰਤਰ ਇਹ ਹੈ ਕਿ ਪਸ਼ੂਆਂ ਨੂੰ ਸ਼ਬਦ ਸੁਰਤਿ ਦੀ ਕੋਈ ਸੋਝੀ ਨਹੀਂ ਹੁੰਦੀ, ਪਰ ਜੇ ਇਨਸਾਨ ਭੀ ਸ਼ਬਦ ਸੁਣ ਕੇ ਅਵੇਸਲਾ ਰਹੇ ਤਾਂ ਉਸ ਦੇ ਮਨੁੱਖਾ ਜਾਮੇ ਨੂੰ ਧਿਰਕਾਰ ਹੈ –

*ਸਤਿਗੁਰ ਕਾ ਸਬਦੁ ਸੁਣਿ ਨ ਜਾਗਿਓ ਅੰਤਰਿ ਨ ਉਪਜਿਓ ਚਾਉ॥*
*ਸਰੀਰੁ ਜਲਉ ਗੁਣ ਬਾਹਰਾ ਜੋ ਗੁਰ ਕਾਰ ਨ ਕਮਾਇ॥*
*ਅੰਗ - ੬੫੧*

ਸੁਣਨ ਦਾ ਫਲ ਅਧੂਰਾ ਨਾ ਰਹੇ, ਸਤਿਗੁਰੂ ਨੇ ਸੁਣ ਕੇ ਮੰਨਣ ਦਾ ਉਪਦੇਸ਼ ਦਿੱਤਾ ਹੈ –

*ਹਰਿ ਕੀਰਤਿ ਕਲਜੁਗ ਵਿਚ ਊਤਮੁ ਮਤਿ ਗੁਰਮਤਿ ਕਥਾ ਭਜੰਤੀ॥*
*ਜਿਨਿ ਜਨਿ ਸੁਣੀ ਮਨੀ ਹੈ ਜਿਨਿ ਜਨਿ ਤਿਸੁ ਜਨ ਕੈ ਹਉ ਕੁਰਬਾਨੰਤੀ॥੧॥੮॥ ਅੰਗ - ੬੭੭*

ਸਤਿਗੁਰ ਦਾ ਉਪਦੇਸ਼ ਸੁਣਨਾ, ਗੁਰਬਾਣੀ ਤੇ ਨਾਮ ਦਾ ਸੁਣਨਾ, ਆਪਣੀ ਰਸਨਾ ਦੁਆਰਾ ਉਚਾਰਿਆ ਗੁਰ-ਮੰਤਰ ਸੁਣਨਾ ਆਦਿ ਮਹੱਤਵ-ਪੂਰਨ ਅੰਗ ਹਨ, ਜਿਨ੍ਹਾਂ ਦੀ ਕਮਾਈ ਬਿਨਾਂ, ਉੱਚ ਮੰਡਲ ਦੀ ਖੇਡ ਜਾਂ ਪੰਚ ਸ਼ਬਦ ਦੀ ਕਲਾ ਵਰਤਣੀ ਔਖੀ ਹੈ। ਜਿਸ ਜਨ ਤੇ ਅਗੰਮੀ ਕਲਾ ਵਰਤੀ, ਉਸ ਦੇ ਕਰਨ (ਕੰਨ) ਪਰਵਾਨ ਹੋ ਗਏ, ਆਗਿਆਕਾਰੀ ਬਣ ਗਏ। ਸੰਸਾਰ ਦੇ ਸ਼ੋਰ ਸ਼ਰਾਬੇ ਵਿਚੋਂ ਕੋਈ ਆਵਾਜ਼ ਸੁਣਨਾ ਜਾਂ ਨਾ ਸੁਣਨਾ ਉਸ ਦੀ ਇੱਛਿਆ ਤੇ ਨਿਰਭਰ ਹੈ। ਵਿਣੁ ਗੁਰ ਸਬਦ ਨ ਸੁਣਈ ਬੋਲਾ॥ ਦੀ ਕਰਣੀ ਉਸ ਦੇ ਗਿਆਨ, ਨਿਰਣੇ ਤੇ ਚੋਣ ਦਾ ਪ੍ਰਤੱਖ ਪ੍ਰਮਾਣ ਹੈ।

ਐਸੇ ਜੀਵ ਦੇ ਕਰਨ, ਸੁਣ ਕੇ ਤੇ ਗ੍ਰਹਿਣ ਕਰ ਕੇ ਕਿੰਨੀ ਇਨਕਲਾਬੀ ਦਸ਼ਾ ਵਰਤਾਉਂਦੇ ਹਨ –

*ਕਚਹੁ ਕੰਚਨੁ ਭਇਅਉ ਸਬਦੁ ਗੁਰ ਸ੍ਰਵਣਹਿ ਸੁਣਿਓ॥੨॥੬॥ ਸਵਈਏ - ੧੩੯੯*

*ਗੁਰੂ ਗੁਰੂ ਗੁਰੁ ਕਰ ਮਨ ਮੇਰੇ॥*
*ਤਾਰਣ ਤਰਣ ਸਮ੍ਰਥੁ ਕਲਿਜੁਗਿ ਸੁਨਤ ਸਮਾਧਿ ਸਬਦ ਜਿਸੁ ਕੇਰੇ॥੫॥੯॥ ਅੰਗ - ੧੩੯੯-੧੪੦੦*

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਹੀ ਪ੍ਰਸ਼ਨ ਦਾ ਉੱਤਰ ਦਿੰਦਿਆਂ ਫ਼ੁਰਮਾਉਂਦੇ ਹਨ ਕਿ ਮਨ ਨੂੰ ਹਰਿ ਨਾਮ ਦੇ ਰੰਗ ਨਾਲ ਰੰਗਣ ਨਾਲ, ਹੰਕਾਰ ਤੇ ਮਮਤਾ ਮਾਰਨ ਨਾਲ, ਸ਼ੁਭ ਦੈਵੀ ਗੁਣ ਗਿਆਨ ਇੰਦਰਿਆਂ ਵਿਚ ਸਮਾ ਕੇ ਇਕ-ਮਿੱਕ ਹੋ ਜਾਂਦੇ ਹਨ।

*ਹਉ ਮੁਆ ਮੈ ਮਾਰਿਆ ਪਉਣੁ ਵਹੈ ਦਰੀਆਉ ॥*
*ਤ੍ਰਿਸਨਾ ਥਕੀ ਨਾਨਕਾ ਜਾ ਮਨੁ ਰਤਾ ਨਾਇ॥*
*ਲੋਇਣ ਰਤੇ ਲੋਇਣੀ ਕੰਨੀ ਸੁਰਤਿ ਸਮਾਇ॥*
*ਜੀਭ ਰਸਾਇਣਿ ਚੂਨੜੀ ਰਤੀ ਲਾਲ ਲਵਾਇ॥*
*ਅੰਦਰੁ ਮੁਸਕਿ ਝਕੋਲਿਆ ਕੀਮਤਿ ਕਹੀ ਨ ਜਾਇ ॥੨॥੧੫॥ ਅੰਗ - ੧੦੯੧*

ਭਾਵਾਰਥ-ਨੇਤਰ ਦਰਸ ਵਿਚ ਤੇ ਕੰਨ ਸ਼ਬਦ-ਧੁਨੀ ਵਿਚ ਲੀਨ ਹੋ ਗਏ, ਜਿਹਬਾ, ਨਾਮ ਉੱਚਾਰਨ ਤੇ ਨਾਮ-ਰਸ ਵਿਚ ਰੱਤੀ ਗਈ, ਅਤੇ ਹਿਰਦਾ ਨਾਮ ਖ਼ੁਸ਼ਬੂ ਨਾਲ ਸੁਗੰਧਤ ਹੋ ਗਿਆ, ਜਿਸ ਦੀ ਅਪਾਰ ਮਹਿਮਾ ਕਥਨ ਤੋਂ ਪਰੇ ਹੈ।

# ਸ੍ਰੀ ਗੁਰੂ ਅੰਗਦ ਸਾਹਿਬ ਜੀ

*[ਭਾਈ ਦਵਿੰਦਰ ਸਿੰਘ ਜੀ, ਡੀ.ਐਸ.ਪੀ]*

ਸ੍ਰੀ ਗੁਰੂ ਅੰਗਦ ਸਾਹਿਬ ਜੀ ਮੁਕਤਸਰ ਤੋਂ 3 ਕੋਹ ਪੂਰਬ ਨਾਗੇ ਦੀ ਸਰਾਏ ਵਿੱਚ ਪਿਤਾ ਫੇਰੂ ਮੱਲ ਜੀ, ਮਾਤਾ ਸਭਰਾਈ (ਨਿਹਾਲ ਕੌਰ ਜੀ) ਤੋਂ ਪ੍ਰਗਟ ਹੋਏ। ਇਨ੍ਹਾਂ ਦਾ ਪਹਿਲਾਂ ਨਾਂ ਲਹਿਣਾ ਸੀ, ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਅੰਗਦ ਨਾਮ ਰੱਖਿਆ। ਜੋ ਦਿਨ-ਵ-ਦਿਨ ਚੰਦ੍ਰਮਾਂ ਵਾਂਗੂ ਵਧਦਾ ਗਿਆ। ਏਹ ਬਾਲ ਅਵਸਥਾ ਵਿੱਚ ਬੜੇ ਭੋਲੇ-ਭਾਲੇ, ਸ਼ੀਲ ਸ਼ੁਭਾਵ, ਧੀਰਜੀ, ਉਦਾਰ, ਸੰਤ ਸੇਵੀ, ਗੌਰ ਵਰਨ, ਸੁੰਦਰ ਸਰੂਪ ਸਨ।

ਫੇਰੂ ਮਲ ਅਤੇ ਮੱਤੇ ਦੀ ਸਰਾਏ ਤੋਂ ਖਡੂਰ ਸਾਹਿਬ ਜੋ ਇਨ੍ਹਾਂ ਦੀ ਭੈਣ ਵਿਆਹੀ ਹੋਈ ਸੀ, ਇਥੇ ਆ ਗਏ ਤੇ ਕਿਰਆਨੇ ਦੀ ਦੁਕਾਨ ਕਰਨ ਲਗ ਪਏ ਤੇ ਕੁਝ ਸਮੇਂ ਬਾਅਦ ਬਹੁਤ ਚੰਗੀ ਸਾਹੂਕਾਰੀ ਬਣ ਗਈ। ਲਹਿਣਾ ਜੀ ਵੀ ਆਪਣੇ ਪਿਤਾ ਜੀ ਦੇ ਕੰਮ-ਵਿਹਾਰ ਵਿੱਚ ਪੂਰਾ ਸਾਥ ਦਿੰਦੇ ਸਨ। ਇਨ੍ਹਾਂ ਦਾ ਵਿਆਹ ਦੇਵੀ ਚੰਦ ਦੀ ਬੇਟੀ ਖੀਵੀ ਨਾਲ ਹੋਇਆ। ਪਹਿਲਾ ਬੇਟਾ ਦਾਸੂ, ਬੇਟੀ ਅਮਰੋ ਅਤੇ ਦੂਜਾ ਬੇਟਾ ਦਾਤੂ ਜੀ ਪੈਦਾ ਹੋਏ।

ਫੇਰੂ ਮੱਲ ਦੇਵੀ ਦਾ ਭਗਤ ਸੀ ਤੇ ਹਰ ਸਾਲ ਟੱਬਰ ਨੂੰ ਨਾਲ ਲੈ ਕੇ ਵੈਸ਼ਨੋ ਦੇਵੀ ਦੇ ਦਰਸ਼ਨ ਨੂੰ ਜਾਂਦਾ ਹੁੰਦਾ ਸੀ। ਪਿਤਾ ਦੇ ਗੁਜਰਨ ਪਿਛੋਂ ਲਹਿਣਾ ਜੀ ਦੇਵੀ ਦਾ ਭੇਖ ਧਾਰਕੇ ਦੇਵੀ ਦੇ ਜਾਣ ਲੱਗੇ। ਇਕ ਜੋਧਾ ਨਾਮੀ ਜੱਟ ਬਾਬੇ ਨਾਨਕ ਦਾ ਉਪਦੇਸੀ ਖਡੂਰ ਸਾਹਿਬ ਵਿਚ ਰਹਿੰਦਾ ਸੀ। ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਆਸਾ ਜੀ ਦੀ ਵਾਰ ਦਾ ਉਚਾਰ ਡਾਢੀ ਮਿੱਠੀ ਸੁਰ ਨਾਲ ਕਰਦਾ ਹੁੰਦਾ ਸੀ। ਲਹਿਣੇ ਜੀ ਦਾ ਘਰ ਨੇੜੇ ਹੀ ਸੀ। ਹਮੇਸ਼ਾ ਸੁਣਦਿਆਂ-ਸੁਣਦਿਆਂ ਇਨ੍ਹਾਂ ਨੂੰ ਪੂਰਬਲੇ ਸੰਸਕਾਰਾ ਦੇ ਸੱਬਬ ਪ੍ਰੇਮ ਜਾਗ ਪਿਆ। ਅਸੂ ਦੇ ਮਹੀਨੇ ਲਹਿਣਾ ਜੀ ਨੇ ਆਪਣੇ ਪਿਤਾ ਨਾਲ ਦੇਵੀ ਦੇ ਦਰਸ਼ਨਾਂ ਨੂੰ ਸੰਗਤ ਲੈ ਜਾਣ ਦੀ ਤਿਆਰੀ ਕੀਤੀ ਪਰ ਮਨ ਵਿਚ ਗੁਰੂ ਬਾਬੇ ਦੇ ਦਰਸ਼ਨਾਂ ਦੀ ਬੜੀ ਉਮੰਗ, ਚਾਅ ਸੀ ਜਾਂਦਿਆਂ ਗੁਰੂ ਨਾਨਕ ਸਾਹਿਬ ਜੀ ਨੂੰ ਜਰੂਰ ਮਿਲਾਂਗਾ। ਜਦੋਂ ਡੱਲੇ ਦਾ ਪੱਤਣ ਲੰਘਿਆ ਤਾਂ ਸੰਗਤਾਂ ਨੂੰ ਆਖਣ ਲੱਗੇ ਇਥੇ ਇਕ ਸੰਤ ਪੁਰਖ ਰਹਿੰਦੇ ਹਨ, ਉਨ੍ਹਾਂ ਦਾ ਦਰਸ਼ਨ ਕਰਦੇ ਚਲੀਏ। ਗੁਰੂ ਨਾਨਕ ਦੇਵ ਸਾਹਿਬ ਜੀ ਦੇ ਦਰਸ਼ਨ ਕਰਨੇ ਹਨ, ਲਹਿਣਾ ਜੀ ਨੇ ਪੁੱਛਿਆ। ਇਥੇ ਗੁਰੂ ਜੀ ਰਹਿੰਦੇ ਹਨ, ਗੁਰੂ ਜੀ ਕਹਿਣ ਲਗੇ ਆਓ ਅਗੇ ਆ ਜਾਓ। ਕਹਿੰਦੇ ਹਨ, ਗੁਰੂ ਜੀ ਨੇ ਘੋੜੀ ਦੀ ਲਗਾਮ ਪਕੜ ਲਈ ਡੇਰੇ ਪਹੁੰਚ ਕੇ ਕਹਿਆ ਕਿਲੇ ਤੇ ਬੰਨ ਦਿਓ, ਤਾਂ ਫਿਰ ਗੁਰੂ ਜੀ ਆਪ ਹੱਥ-ਪੈਰ ਧੋ ਕੇ ਗੱਦੀ ਤੇ ਜਾ ਬਿਰਾਜੇ। ਲਹਿਣਾ ਜੀ 4-5 ਸੰਗੀਆਂ ਨਾਲ ਅੰਦਰ ਡੇਰੇ ਗਏ ਤਾਂ ਦੇਖਿਆ ਕਿ ਇਹ ਓਹੀ ਗੁਰੂ ਨਾਨਕ ਦੇਵ ਜੀ ਸਤ-ਪੁਰਖ ਹਨ ਜਿਨ੍ਹਾਂ ਨੇ ਮੇਰੀ ਘੋੜੀ ਪਕੜੀ ਸੀ ਤੇ ਮੈਂ ਅਸਵਾਰ ਅਤੇ ਇਹ ਪੈਦਲ, ਬਹੁਤ ਹੀ ਸ਼ਰਮਸਾਰ ਹੋਏ। ਦੋਨੋਂ ਹੱਥ ਜੋੜ ਕੇ ਮਾਫੀ ਮੰਗੀ, ਇਹ ਭੁੱਲ ਬਖਸ਼ੋ! 'ਗੁਰੂ ਕੀਜੈ ਜਾਣਕੇ ਪਾਣੀ ਪੀਜੈ ਛਾਣਕੇ' ਅਸੀਂ ਦੇਣਾ ਤੂੰ ਲੈਣਾ। ਅਕਾਲ-ਪੁਰਖ ਦੀ ਭਗਤੀ ਕਰ, ਏਹ ਦੇਵੀ ਦੇਵਤੇ ਉਸਦੇ ਸੇਵਕ ਹਨ। ਭਾਵਨਾ ਵਿਚ ਦੇਵਤੇ ਹਨ। ਅਗਿਆਨੀ ਲੋਕ ਭਟਕਦੇ ਹਨ, ਗਿਆਨੀ ਨਹੀਂ। ਸਤ ਸਰੂਪ ਅਤੇ ਬਾਬਾ ਜੀ ਦੇ ਬਚਨ ਸੁਣ ਕੇ ਲਹਿਣਾ ਜੀ ਦਾ ਮਨ ਬਦਲ ਗਿਆ। ਲਹਿਣਾ ਜੀ ਨੇ ਦੇਵੀ ਦਾ ਭੇਸ ਉਤਾਰ ਦਿੱਤਾ, ਸੰਗਤ ਨੇ ਬੜਾ ਜੋਰ ਲਾਇਆ ਪਰ ਲਹਿਣਾ ਜੀ ਗੁਰੂ ਨਾਨਕ ਸਾਹਿਬ ਜੀ ਕੋਲ ਰੁਕ ਗਏ। ਕੁਝ ਸਮਾਂ ਰਹਿ ਕੇ ਖਡੂਰ ਸਾਹਿਬ ਆ ਗਏ, ਪਰ ਮਨ ਨਹੀਂ ਲਗ ਰਿਹਾ ਸੀ। ਗੁਰੂ ਦੇ ਦਰਸ਼ਨਾਂ ਦੀ ਲਾਲਸਾ ਨੇ ਬੜਾ ਹੀ ਵਿਆਕੁਲ ਕਰ ਦਿਤਾ ਸੀ। ਥੋੜੇ ਦਿਨ ਖਡੂਰ ਸਾਹਿਬ ਰਹਿ ਕੇ ਆਪਣੇ

ਭਾੜਚੇ ਨੂੰ ਨਾਲ ਲੈ ਕੇ ਇਕ ਪੰਡ ਲੂਣ ਦੀ ਗੁਰੂ ਜੀ ਦੇ ਲੰਗਰ ਵਾਸੇਤ ਕਰਤਾਰਪੁਰ ਪਹੁੰਚ ਗਏ। ਗੁਰੂ ਜੀ ਖੇਤ ਵਿੱਚ ਹੀ ਨਦੀਣ ਕਢਾ ਰਹੇ ਸੇ। ਗੁਰੂ ਜੀ ਦੇ ਦਰਸਨ ਜਾ ਕੀਤੇ। ਘਰ ਨੂੰ ਆਉਣ ਲੱਗੇ ਤਾਂ ਪੰਡ ਘਾਹ ਦੀ ਗਊਆਂ, ਭੈਸਾਂ ਵਾਸਤੇ ਬੰਨੀ। ਗੁਰੂ ਜੀ ਨੇ ਲਹਿਣੇ ਵੱਲੋਂ ਤੱਕਿਆ ਤਾਂ ਏਨਾ ਝੱਟ-ਪੱਟ ਮੁੰਡਾਸਾ ਬੰਨ੍ਹ ਕੇ ਪੰਡ ਚੁੱਕ ਲੀਤੀ। ਗੁਰੂ ਜੀ ਬਹੁਤ ਖੁਸ਼ ਹੋਏ, ਘਰ ਆਏ ਤਾਂ ਮਾਤਾ ਸੁਲੱਖਣੀ ਜੀ ਨੇ ਆਖਿਆ, ਇਨ੍ਹਾਂ ਦੀ ਨਵੀਂ ਪੁਸ਼ਾਕ ਚਿੱਕੜ ਨਾਲ ਭਰ ਗਈ ਹੈ, ਮਹਾਰਾਜ ਬੋਲੇ ਪੰਡ ਚੁੱਕਣ ਜੋਗ ਨੇ ਚੁੱਕ ਲੀਤੀ, ਪੁਸਾਕੀ ਚਿੱਕੜ ਨਾਲ ਨਹੀਂ ਕੇਸਰ ਨਾਲ ਭਰੀ ਹੈ।

ਲੱਹਿਣਾ ਜੀ ਹਮੇਸ਼ਾ ਲਈ ਗੁਰੂ ਜੀ ਹਰ ਪ੍ਰਕਾਰ ਜਿਹੜੀ ਵੀ ਸੇਵਾ ਕਹਿੰਦੇ ਤੱਤਪਰ ਰਹਿੰਦੇ ਸ਼ੁਕਰ ਕਰਦੇ ਸੇ ਕੋਈ ਨਾ ਕੋਈ ਮਿਲ ਜਾਂਦੀ ਹੈ। ਬਾਬਾ ਬੁਢਾ ਜੀ ਅਤੇ ਹੋਰ ਸਿੱਖਾਂ ਪੁੱਤਰਾਂ ਨੇ ਤਾਂ ਬਹਾਨਾ ਹੀ ਲਭਣਾ ਹੁੰਦਾ ਸੀ, ਗੁਰੂ ਜੀ ਨੇ ਦਸ ਤਰ੍ਹਾਂ ਦੀ ਪ੍ਰੀਖਿਆ ਲਈ ਕੇਵਲ ਤਾਂ ਕੇਵਲ ਲਹਿਣਾ ਜੀ ਹੀ ਪਾਸ ਹੋਏ, ਬਾਕੀ ਬਹਾਨੇ ਅਤੇ ਚਤਰਾਈਆਂ ਕਰਕੇ ਫੇਲ ਹੋਏ ਸਨ। ਸੇਵਕ ਨੇ ਤਾਂ ਸੇਵਾ ਕਰਕੇ ਮਨ, ਤਨ ਪਵਿਤ੍ਰ ਕਰਨਾ ਹੈ, ਇਹ ਤਾਂ ਲਹਿਣਾ ਜੀ ਦੇ ਹੀ ਵਿਚਾਰ ਸਨ।

## ਗੁਰਿਆਈ ਮਿਲਣੀ

ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਲਹਿਣਾ ਜੀ ਦਾ ਸਿਦਕ ਦੇਖ ਕੇ ਦਸ ਪ੍ਰਕਾਰ ਦੀਆਂ ਕਸੌਟੀਆਂ ਦੇ ਕੇ ਬਾਰ੍ਹਾਂ ਵੰਨੀ ਦੇ ਕੰਚਨ ਵਾਂਗੂ ਸ਼ੁੱਧ ਗੁਰਿਆਈ ਦੇ ਲਾਇਕ ਦੇਖ ਲੀਤਾ ਤਾਂ ਬਾਬਾ ਜੀ ਨੇ ਬਹੁਤ ਖੁਸ਼ੀ ਹੋ ਕੇ ਲਹਿਣੇ ਜੀ ਨੂੰ ਆਪਣੀ ਭੁਜਾਵਾਂ ਵਿੱਚ ਘੁੱਟ ਕੇ ਗਲ ਨਾਲ ਲਾ ਲੀਤਾ ਅਤੇ ਬਚਨ ਕੀਤਾ, ਅੰਗਦਾ! ਤੈ ਅਸਾਂ ਨੂੰ ਅੰਗ ਦਿੱਤਾ ਸੀ ਹੁਣ ਅਸਾਂ ਤੈਨੂੰ ਆਪਣਾ ਅੰਗ ਦੇ ਕੇ ਤੇਰਾ ਨਾਮ ਅੰਗਦ ਰੱਖਿਆ। ਤੂੰ ਅੱਜ ਤੋਂ ਅੰਗਦ ਹੋਯਾ ਤੇ ਸਾਰੇ ਸੰਸਾਰ ਸਮੁੰਦਰ ਨੂੰ ਤਾਰਨ ਦਾ ਮਲਾਹ ਹੋਯਾ। ਏਤਨੇ ਨਾਲ ਹੀ ਅੰਗਦ ਜੀ ਦੇ ਕਪਾਟ ਖੁੱਲ ਗਏ, ਰਿੱਧੀ-ਸਿੱਧੀ ਬ੍ਰਹਮ ਗਯਾਨ ਸਭ ਸਾਖਯਾਤ ਹੋ ਗਿਆ। ਗੁਰ ਸੰਤ ਦੀ ਰੀਤਿ ਤਾਂ ਪਹਿਲੇ ਸਮਝਾ ਰਖੀ ਸੀ। ਗੁਰੂ ਜੀ ਨੇ ਅੰਗਦ ਦੇਵ ਸਾਹਿਬ ਜੀ ਨੂੰ ਗੁਰ ਗੱਦੀ ਤੇ ਬਿਠਾ ਦਿੱਤਾ। ਬਾਬਾ ਬੁੱਢਾ ਜੀ ਅਤੇ ਸਭ ਹਾਜਿਰ ਸੰਗਤ ਨੂੰ ਮੱਥਾ ਟਿਕਾ ਦਿੱਤਾ। ਅਜ ਤੋਂ ਗੁਰੂ ਅੰਗਦ ਦੇਵ ਸਾਹਿਬ ਜੀ ਨੂੰ ਮੇਰਾ ਸਰੂਪ ਸਮਝਣਾ। ਜੋ ਇਸ ਨੂੰ ਮੇਰਾ ਸਰੂਪ ਨਹੀਂ ਸਮਝੇਗਾ ਓਹ ਮੇਰਾ ਸਿੱਖ ਨਹੀਂ, ਮੈਂ ਆਪਣੀ ਕਮਾਈ, ਸ਼ਕਤੀ, ਅਕਾਲ-ਪੁਰਖ ਦੀ ਬਖਸ਼ਿਸ ਸਭ ਏਸ ਨੂੰ ਬਖਸੀ ਹੈ। ਏਸ ਬਚਨ ਨੂੰ ਸਭ ਨੇ ਪ੍ਵਾਨ ਕੀਤਾ, ਪਰੰਤੂ ਸ੍ਰੀ ਚੰਦ, ਲਖਮੀ ਚੰਦ ਜੀ ਮਨ ਵਿਚ ਬਹੁਤ ਖਿਝੇ ਤੇ ਵੱਧ-ਘੱਟ ਬੋਲਦੇ ਹੋਏ ਬੜੇ ਕ੍ਰੋਧਵਾਨ ਹੋਏ। ਗੁਰੂ ਜੀ ਨੇ ਅੰਗਦ ਜੀ ਨੂੰ ਖਡੂਰ ਸਾਹਿਬ ਹੀ ਰਹਣ ਲਈ ਅਤੇ ਉਥੇ ਹੀ ਗੁਰੂਆਈ ਦਾ ਤੇ ਸਿੱਖੀ ਦਾ ਪ੍ਰਚਾਰ ਕਰਨ ਲਈ ਕਹਿਆ। ਸ੍ਰੀ ਅੰਗਦ ਸਾਹਿਬ ਜੀ ਖਡੂਰ ਸਾਹਿਬ ਇਕ ਸਿੱਖ ਦੇ ਘਰ ਕੋਠੜੀ ਵਿਚ ਸਮਾਧੀ ਲਾ ਕੇ ਬੈਠ ਗਏ ਸਨ।

ਕੁਝ ਸਮੇਂ ਬਾਦ ਸੰਗਤਾਂ ਵਿਆਕੁਲ ਹੋਈਆਂ ਕਿ ਗੁਰੂ ਜੀ ਕਿਥੇ ਹਨ। ਓੜਕ ਭਾਈ ਲਾਲੋ ਜੀ, ਅਜਿਤੇ, ਧੀਰੂ ਬੂੜੇ, ਭਗੀਰਥੀਏ ਆਦਿਕ ਸਿੱਖਾਂ ਨੇ ਬਾਬਾ ਬੁਢਾ ਜੀ ਨੂੰ ਕਹਿਆ ਕਿ ਤੁਹਾਨੂੰ ਗੁਰੂ ਨਾਨਕ ਦੇਵ ਜੀ ਪਾਸੋਂ ਵਰ ਮਿਲਿਆ ਹੋਇਆ ਹੈ ਕਿ ਗੁਰੂ ਜੀ ਦੀ ਜਾਗਦੀ ਹੋਈ ਜੋਤ ਤੁਹਾਡੇ ਤੋਂ ਕਦੇ ਓਲੇ ਨਹੀਂ ਹੋਵੇਗੀ। ਦਸੋ ਗੁਰੂ ਜੀ ਕਿੱਥੇ ਹਨ ਤਾਂ ਫਿਰ ਇਨ੍ਹਾਂ ਨੇ ਧਿਆਨਗੋਚਰੇ ਹੋ ਕੇ ਦੱਸਿਆ ਕਿ ਗੁਰੂ ਅੰਗਦ ਸਾਹਿਬ ਜੀ ਖਡੂਰ ਸਾਹਿਬ ਹਨ। ਬਾਬਾ ਬੁੱਢਾ ਜੀ ਨੇ ਬੂਹਾ ਖੋਲਿਆ ਤਾਂ ਕੀ ਦੇਖਦੇ ਹਨ ਕਿ ਰੋੜਾਂ ਦੇ ਬਿਸਤਰੇ ਪਰ ਜੋਤ ਹੀ ਜੋਤ ਪ੍ਰਕਾਸ਼ ਹੋ ਰਹੀ ਹੈ। ਗੁਰੂ ਜੀ ਨੂੰ ਬਾਬਾ ਬੁਢਾ ਜੀ ਨੇ ਸੰਗਤਾਂ ਨੂੰ ਦਰਸ਼ਨ ਦੇਣ ਲਈ ਬੇਨਤੀ ਕੀਤੀ, ਫਿਰ ਦੋਨੋਂ ਟਾਈਮ ਗੁਰਬਾਣੀ ਦਾ ਕੀਰਤਨ ਹੋਣ ਲਗਾ। ਸੰਗਤਾਂ ਬਹੁਤ ਵੱਧ-ਚੜ੍ਹ ਕੇ ਦਰਸਨਾਂ ਨੂੰ ਆਉਣ ਲਗੀਆਂ ਸਵੇਰੇ ਦੀ ਆਸਾ ਦੀ ਵਾਰ ਦਾ ਕੀਰਤਨ ਭਾਈ ਮਰਦਾਨੇ ਦੇ ਸਪੁੱਤਰ ਸਾਦੂ-ਬਾਦੂ ਤੇ ਇਨ੍ਹਾਂ ਦੇ ਪੁੱਤਰ ਨਿਹਾਲ ਕਰਦੇ ਸਨ। ਭਾਈ ਬਾਲੇ ਜੀ ਨੂੰ ਖਬਰ ਹੋਈ ਕਿ ਗੁਰੂ ਗੱਦੀ ਤੇ ਗੁਰੂ ਅੰਗਦ ਜੀ ਬੈਠੇ ਹਨ ਤਾਂ ਆ ਕੇ ਦਰਸ਼ਨ ਕੀਤੇ ਤਾਂ ਸ੍ਰੀ ਗੁਰੂ ਨਾਨਕ ਸਾਹਿਬ ਦਾ ਰੂਪ ਦੇਖ ਕੇ ਬਹੁਤ ਪ੍ਰਸ਼ਨ ਹੋਸਾ। ਚਰਨਾਂ ਉੱਤੇ ਸੀਸ ਧਰਿਆ ਤਾਂ ਗੁਰੂ ਜੀ ਨੇ ਭਾਈ ਬਾਲੇ ਨੂੰ ਗਲ ਨਾਲ ਲਾ ਲਿਆ। ਬਾਲਾ ਜੀ ਗੁਰੂ ਜੀ ਦੀ ਸੇਵਾ ਵਿੱਚ ਹੀ ਰਹਿਣ ਲਗ ਪਏ। ਗੁਰੂ ਜੀ ਦੇ ਦਰਬਾਰ ਵਿਚ ਬੇਅੰਤ ਸੰਗਤਾਂ ਆਉਣ ਲਗ ਪਈਆਂ। ਗੁਰੂ ਜੀ ਦਾ ਪਰਿਵਾਰ ਵੀ ਖਡੂਰ ਸਾਹਿਬ ਲੰਗਰ ਦੀ ਸੇਵਾ ਦਾ ਸਾਰਾ ਪ੍ਰਬੰਧ ਕਰਦੇ ਸੇ। ਮਾਤਾ ਖੀਵੀ ਜੀ ਖੀਰ ਲੰਗਰ ਵਿਚ ਤਿਆਰ ਕਰਦੇ, ਆਏ

ਗਏ ਦੀ ਤਨੋ-ਮਨੋ ਸੇਵਾ ਕਰਦੇ ਸਨ। ਉਨ੍ਹਾਂ ਦਿਨਾਂ ਵਿੱਚ ਹਿਮਾਯੂ ਦੀ ਲੜਾਈ, ਸ਼ੇਰਸ਼ਾਹ ਸੂਰੀ ਨਾਲ ਹੋਈ। ਇਹ ਹਾਰ ਗਿਆ। ਹਿਮਾਯੂ ਦਾ ਰਿਸ਼ਤੇਦਾਰ ਬਿਆਸ ਦਾ ਨਵਾਬ ਸੀ ਉਹ ਬਾਗੀ ਹੋ ਗਿਆ। ਇਸ ਨੇ ਮਾਮਾ ਮਿਰਜਾ ਕਾਸਮ ਨੂੰ ਜਾ ਕੇ ਪੁਛਿਆ ਕਿ ਇਥੇ ਕੋਈ ਪੀਰ, ਸੰਤ ਜਾਂ ਮਹਾਪੁਰਸ਼ ਹੈ ਕੋਈ ਮੈਂ ਉਸ ਦੀ ਸ਼ਰਨ ਜਾਵਾਂ ਤਾਂ ਕਿ ਮੇਰੀ ਜਿੱਤ ਹੋਵੇ, ਪਤਾ ਲੱਗਾ ਗੁਰੂ ਨਾਨਕ ਸਾਹਿਬ ਦੀ ਜਾਗਦੀ ਜੋਤ ਗੁਰੂ ਅੰਗਦ ਸਾਹਿਬ ਹਨ, ਜਿਨ੍ਹਾਂ ਨੇ ਬਾਬਰ ਨੂੰ ਸੱਤ ਪੀੜੀਆਂ ਤਕ ਰਾਜ ਕਰਨ ਦੀ ਖਿੱਲਤ ਬਖਸ਼ੀ ਹੈ। ਇਹ ਪਤਾ ਕਰਦਾ ਕਰਦਾ ਸ੍ਰੀ ਖਡੂਰ ਸਾਹਿਬ ਪਹੁੰਚਿਆ। ਗੁਰੂ ਜੀ ਬਚਿਆਂ ਦੀ ਕੁਸ਼ਤੀ (ਘੋਲ) ਕਰਵਾ ਰਹੇ ਸਨ। ਇਹ ਘੋੜੇ ਤੇ ਸਵਾਰ ਸੀ, ਗੁਰੂ ਜੀ ਮਸਤ ਸਨ, ਇਸ ਨੂੰ ਆਪਣੀ ਆਗਤ-ਭਗਤ ਅਤੇ ਸਤਿਕਾਰ ਨ ਸਮਝਦਿਆਂ ਬੜਾ ਕ੍ਰੋਧ ਆਇਆ, ਮਿਆਨ ਵਿਚ ਤਲਵਾਰ ਕਢਨ ਲੱਗਾ, ਹੱਥ ਮਿਆਨ ਤਕ ਉੱਥੇ ਹੀ ਰਿਹਾ, ਬੜਾ ਹੈਰਾਨ ਹੋਇਆ। ਬੜਾ ਸ਼ਮਰਸਾਰ ਹੋਇਆ ਇਹ ਕੀ ਬਣਿਆ। ਗੁਰੂ ਜੀ ਨੇ ਤਕਿਆ ਤੇ ਕਹਿਆ ਸਾਧਾਂ ਤੇ ਤਲਵਾਰ ਨਹੀਂ ਕਢੀਦੀ, ਜਿਥੇ ਖੰਡਾ ਚਲਾਉਣਾ ਸੀ ਤੂੰ ਤਾਂ ਉੱਥੋਂ ਜੰਗ ਵਿਚੋਂ ਹਾਰ ਕੇ ਨੱਸ ਆਇਆ ਹੈਂ, ਪਰ ਗੁਰੂ ਬਖਸ਼ਣਹਾਰ ਹੈ, ਤੈਨੂੰ ਹੁਣੇ ਰਾਜ ਭਾਗ ਦੇ ਦੇਣਾ ਸੀ ਤੇਰੀ ਨੀਤ ਠੀਕ ਨਹੀਂ ਸੀ। ਹੁਣ 12 ਸਾਲ ਬਾਦ ਦਿੱਲੀ ਦਾ ਰਾਜ ਭਾਗ ਤੈਨੂੰ ਮਿਲੇਗਾ, ਗੁਰੂ ਦਾ ਵਾਕ ਨਿਹਫਲ ਨਹੀਂ ਜਾਵੇਗਾ, ਖੁਸ਼ ਹੋ ਕੇ ਗੁਰੂ ਜੀ ਕੋਲੋਂ ਮਾਫੀ ਮੰਗ ਕੇ ਵਾਪਿਸ ਮੁੜ ਗਿਆ। ਗੁਰੂ ਜੀ ਦੀਆਂ ਕਰਣੀਆਂ ਅਸੀਮ ਹਨ ਇਸ ਕਰਕੇ ਇਹ ਕਲਮ ਗੁਰੂ ਜੀ ਦੀ ਕਰਣੀ ਨਹੀਂ ਲਿਖ ਸਕਦੀ ਗੁਰੂ ਜੀ ਨੇ 35 ਅੱਖਰੀ ਤਿਆਰ ਕੀਤੀ ਤੇ ਕੁਸਤੀਆਂ ਦਾ ਪ੍ਰਚਲਨ ਸ਼ੁਰੂ ਕੀਤਾ ਜਿਹੜਾ ਕਿ ਸਰੀਰ ਲਈ ਬਹੁਤ ਜਰੂਰੀ ਸੀ ਕੁਸਤਿਆਂ ਵੀ ਕਰਾਉਂਦੇ ਸਨ, ਮਲ ਅਖਾੜੇ ਦੇ ਨਾਮ ਤੇ ਗੁਰੂ ਦੁਆਰਾ ਵੀ ਬਣਵਾਇਆ ਹੈ। ਬਚਿਆਂ ਨੂੰ ਗੁਰੂ ਜੀ ਪੰਜਾਬੀ ਸਿਖਾਉਂਦੇ ਸਨ, ਅਜ ਸਾਡੇ ਗੁਰਦੁਆਰਿਆਂ ਵਿਚ ਗ੍ਰੰਥੀ ਬਚਿਆਂ ਨੂੰ ਕੁਝ ਵੀ ਨਹੀਂ ਪੜਾਉਂਦੇ, ਸਾਡੀ ਕਮੇਟੀ ਦੇ ਪ੍ਰਬੰਧਕਾਂ ਦਾ ਕਸੂਰ ਹੈ ਕਿਉਂਕਿ ਸਿੱਖੀ ਵਧਾਉਣ ਦੀ ਬਜਾਏ ਗੋਲਕਾਂ ਤਕ ਹੀ ਰਹਿ ਗਏ ਹਾਂ। ਗੁਰੂ ਜੀ ਕ੍ਰਿਪਾ ਕਰਨ ਜੀ। ਭੁਲ ਚੁੱਕ ਮਾਫ।

*(ਪੰਨਾ 22 ਦੀ ਬਾਕੀ)*

ਮਾਇਆ ਨੇ ਮੋਹ ਅਤੇ ਲੁਭਾਇ ਲਏ ਹਨ। ਗੱਲ ਕੀ, ਇਸ ਧਰਤੀ ਦੇ ਉੱਪਰ ਰਹਿਣ ਵਾਲੇ ਸਾਰੇ ਹੀ ਤ੍ਰੈਗੁਣੀ ਜੀਵ ਮਾਇਆ ਦੇ ਹੱਥੋਂ ਮੋਹੇ ਗਏ ਹਨ ਅਤੇ ਅਕਾਸ਼ ਉੱਤੇ ਰਹਿਣ ਦੀ ਰਿਹਾਇਸ਼ ਨੂੰ ਤਸੱਵਰ ਕਰਨ ਵਾਲੇ ਦੇਵ ਲੋਕ ਭੀ ਇਸ ਮਾਇਆ ਨੇ ਮੋਹ ਲਏ ਹਨ। ਕੇਵਲ ਉਹ ਗੁਰਮੁਖਿ ਜਨ ਹੀ ਇਸ ਬਹੁ-ਰੰਗਨੀ ਮਾਇਆ ਦੇ ਪ੍ਰਭਾਵ ਤੋਂ ਬਚੇ ਹਨ ਜਿਨ੍ਹਾਂ ਨੂੰ ਸਤਿਗੁਰੂ ਨੇ ਆਪਣਾ ਹੱਥ ਦੇ ਕੇ ਬਚਾਇਆ ਹੈ। ਐਸੇ ਬਚੇ ਰਹਿਣ ਵਾਲੇ ਲੋਕ ਕੇਵਲ ਗੁਰਮਤਿ ਮਾਰਗੀ ਗੁਰਮੁਖਿ ਜਨ ਹੀ ਹਨ, ਜੋ ਖਿਨ ਖਿਨ ਸਤਿਗੁਰੂ ਦੁਆਰਿਓਂ ਪ੍ਰਾਪਤ ਹੋਈ ਗੁਰਦੀਖਿਆ ਦੀਆਂ ਕਮਾਈਆਂ ਕਰਦੇ ਹਨ। ਅਜਿਹੇ ਗੁਰਮੁਖਿ ਗਿਆਨੀਆਂ ਦੀ ਇਹ ਮਾਇਆ ਸਗੋਂ ਦਾਸੀ ਹੋ ਕੇ ਵਰਤਦੀ ਹੈ ਅਤੇ ਉਹਨਾਂ ਦੇ ਅੱਗੇ ਪਿੱਛੇ ਹੱਥ ਜੋੜੀ ਫਿਰਦੀ ਹੈ ਅਤੇ ਹੱਥ ਜੋੜ ਕੇ ਅਰਦਾਸ ਕਰਦੀ ਹੈ ਕਿ ਜੋ ਤੁਸੀਂ ਕਹੋਗੇ ਉਹ ਹੀ ਕਾਰ ਕਰਾਂਗੀ ਤੇ ਗੁਰਮੁਖਾਂ ਗੁਰਸਿਖਾਂ ਦੇ ਨੇੜੇ ਨਹੀਂ ਆਵਾਂਗੀ, ਗੁਰੂ ਘਰ ਦੇ ਗੁਰਮੁਖਾਂ (ਗੁਰੂ ਨਾਨਕ-ਪੰਥੀਆਂ) ਦੇ ਨੇੜੇ ਨਹੀਂ ਢੁੱਕਾਂਗੀ।

ਗੱਲ ਕੀ, ਇਸ ਬਹੁ ਰੂਪ ਬਿਖਾਣੀ ਮਾਇਆ ਨੇ ਕਿਸੇ ਭੀ ਭੇਖੀ, ਆਨਮਤੀ, ਪਾਖੰਡੀ, ਤੀਰਥ-ਵਾਸੀ, ਜੋਗੀ, ਸੰਨਿਆਸੀ ਨੂੰ ਨਹੀਂ ਛੱਡਿਆ, ਨਾ ਹੀ ਕਿਸੇ ਸ਼ਾਸਤ੍ਰ, ਸਿਮ੍ਰਿਤ, ਬੇਦ ਅਭਿਆਸੀਆਂ ਨੂੰ ਛੱਡਿਆ ਹੈ। ਉਹ ਬਥੇਰਾ ਸਿਮ੍ਰਿਤ, ਸ਼ਾਸਤ੍ਰ ਪੜ੍ਹਨ ਕਰ ਕੇ ਅਤੇ ਵੇਦਾਂ ਦਾ ਪਾਠ ਕਰ ਕਰ ਕੇ ਇਸਦੇ ਪ੍ਰਭਾਵ ਤੋਂ ਬਚਣ ਦੀ ਕੋਸ਼ਿਸ਼ ਕਰਦੇ ਹਨ ਪਰ ਕੇਵਲ ਗੁਰਮੁਖਿ ਅਭਿਆਸੀ ਜਨਾਂ ਦਾ ਹੀ ਇਸ ਤੋਂ ਛੁਟਕਾਰਾ ਹੋਇਆ ਹੈ, ਜਿਨ੍ਹਾਂ ਨੇ ਸਤਿਗੁਰੂ ਤੋਂ ਸੱਚਾ ਉਪਦੇਸ਼ ਲੈ ਕੇ ਗੁਰਮੰਤਰ ਗੁਰ-ਦੀਖਿਆ ਨੂੰ ਦ੍ਰਿੜ੍ਹ ਕਰਕੇ ਪੂਰੇ ਗੁਰਮਤਿ ਨਾਮ ਦੀ ਅਭਿਆਸ ਕਮਾਈ ਕੀਤੀ ਹੈ। ਯਥਾ -

*ਧੁਰ ਕੀ ਭੇਜੀ ਆਈ ਆਮਰਿ॥*
*ਨਉ ਖੰਡ ਜੀਤੇ ਸਭਿ ਥਾਨ ਥਨੰਤਰ॥*
*ਤਟ ਤੀਰਥਿ ਨ ਛੋਡੈ ਜੋਗ ਸੰਨਿਆਸੀ॥*
*ਪੜਿ ਥਾਕੇ ਸਿੰਮ੍ਰਿਤਿ ਬੇਦ ਅਭਿਆਸ॥੨॥*
*ਜਹ ਬੈਸਉ ਤਹ ਨਾਲੇ ਬੈਸੈ॥*
*ਸਗਲ ਭਵਨ ਮਹਿ ਸਬਲ ਪ੍ਰਵੇਸੈ॥*
*ਹੋਛੀ ਸਰਣਿ ਪਇਆ ਰਹਣੁ ਨ ਪਾਈ॥*
*ਕਹੁ ਮੀਤਾ ਹਉ ਕੈ ਪਹਿ ਜਾਈ॥੩॥*
*ਸੁਣਿ ਉਪਦੇਸੁ ਸਤਿਗੁਰ ਪਹਿ ਆਇਆ॥*
*ਗੁਰਿ ਹਰਿ ਹਰਿ ਨਾਮੁ ਮੋਹਿ ਮੰਤ੍ਰੁ ਦ੍ਰਿੜਾਇਆ॥*
*ਨਿਜ ਘਰਿ ਵਸਿਆ ਗੁਣ ਗਾਇ ਅਨੰਤਾ॥*
*ਪ੍ਰਭ ਮਿਲਿਓ ਨਾਨਕ ਭਏ ਅਚਿੰਤਾ॥੪॥ਅੰਗ - ੩੭੧*

# ਆਓ ਗੁਰੂ ਲੜ ਲੱਗੀਏ

*[ਪ੍ਰੋ. ਹਰਬੰਸ ਸਿੰਘ ਜੀ]*

ਪਿਆਰਿਓ! ਆਓ ਅਸੀਂ ਭੀ ਸਤਿਗੁਰੂ ਦਾ ਪੱਲਾ ਫੜੀਏ ਇਸ ਸੰਸਾਰ ਸਮੁੰਦਰ 'ਚੋਂ ਪਾਰ ਹੋਣ ਲਈ, ਜਨਮਾਂ ਜਨਮਾਂਤਰਾਂ ਦੀ ਘੁੰਮਣਘੇਰੀ 'ਚੋਂ ਬਾਹਰ ਨਿਕਲਣ ਲਈ, ਆਓ! ਅਸੀਂ ਗੁਰੂ ਲੜ ਲੱਗੀਏ। ਨਿਗੁਰੇ ਹੀ ਨਾ ਰਹੀਏ ਕਿਉਂ ਜੋ ਨਿਗੁਰੇ ਕਾ ਹੈ ਨਾਉ ਬੁਰਾ। ਆਓ! ਅਸੀਂ ਮਨਮੁਖਤਾਈ ਛੱਡੀਏ, ਕੁਮੱਤ ਤਿਆਗੀਏ, ਗੁਰਮਤਿ ਅਪਣਾਈਏ, ਗੁਰੂ ਦੇ ਹੁਕਮਾਂ ਅੰਦਰ ਆਈਏ ਤੇ ਗੁਰਮੁਖ ਬਣੀਏ। ਗੁਰਮਤਿ ਗਾਡੀ ਰਾਹ ਤੇ ਚਲੀਏ ਤੇ ਲੋਕ ਸੁਖੀਏ ਪਰਲੋਕ ਸੁਹੇਲੇ ਬਣੀਏ।

ਪਿਆਰਿਓ! ਆਓ! ਅਸੀਂ ਭੀ ਗੁਰੂ ਦੇ ਚਰਨੀਂ ਲੱਗੀਏ। ਗੁਰੂ-ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਪੰਜਾਂ ਪਿਆਰਿਆਂ ਦੇ ਅੱਗੇ ਪੇਸ਼ ਹੋ ਕੇ ਆਪਣੀਆਂ ਪਿਛਲੀਆਂ ਭੁੱਲਾਂ ਬਖਸ਼ਵਾਈਏ ਅਤੇ ਅੱਗੇ ਤੋਂ ਗੁਰੂ ਹੁਕਮਾਂ ਅਨੁਸਾਰ ਚੱਲਣ ਦੀ ਪ੍ਰਤੱਗਿਆ ਕਰੀਏ। ਹਉਮੈ ਨੂੰ ਤਿਆਗ ਕੇ ਨਿਮਾਣੇ ਬਣ ਕੇ ਸਤਿਗੁਰੂ ਅੱਗੇ 'ਅੰਮ੍ਰਿਤ ਨਾਮ' ਲਈ ਜਾਚਨਾ ਕਰੀਏ, ਹਾਂ ਜੀ! 'ਅੰਮ੍ਰਿਤ ਨਾਮ' ਲਈ ਬੇਨਤੀ ਕਰੀਏ। ਅੰਮ੍ਰਿਤ ਛਕ ਕੇ 'ਖਸਮ' ਵਾਲੇ ਬਣੀਏ। 'ਦੁਹਾਗਣ' ਨਾ ਰਹੀਏ, ਆਪਣੇ ਆਪ ਨੂੰ 'ਕਮਜਾਤ' ਨਾ ਸਦਵਾਈਏ ਸਗੋਂ ਅੰਮ੍ਰਿਤ ਛਕ ਕੇ 'ਸੁਹਾਗਣ' ਬਣ ਜਾਈਏ।

ਪਿਆਰਿਓ! ਆਓ ਅਸੀਂ ਭੀ ਖਸਮ ਵਾਲੇ ਬਣੀਏ। ਨਿਖਸਮੇਂ ਹੀ ਨਾ ਰਹੀਏ। ਨਿਆਸਰੇ ਹੀ ਨਾ ਧੱਕੇ ਖਾਈਏ ਸਗੋਂ ਸਤਿਗੁਰੂ ਦਾ ਸੱਚਾ ਆਸਰਾ ਭਾਲੀਏ। ਮਨ ਦੀਆਂ ਮੱਤਾਂ ਛੱਡੀਏ। ਤਨ, ਮਨ, ਧਨ ਸਭ ਗੁਰੂ ਨੂੰ ਸੌਂਪ ਕੇ, ਉਸਦੇ ਹੁਕਮਾਂ ਅੰਦਰ ਆਈਏ। ਉਸਦੇ ਲਾਲੇ ਗੋਲੇ ਬਣੀਏ। ਉਸਦੇ ਹੁਕਮੀ ਬੰਦੇ ਅਥਵਾ ਸਚਿਆਰ ਸਿੱਖ ਬਣੀਏ।

ਪਿਆਰਿਓ! ਅੰਮ੍ਰਿਤ ਛਕਣਾ ਗੁਰੂ ਦੇ ਲੜ ਲੱਗਣਾ ਹੈ। ਅੰਮ੍ਰਿਤ ਸੰਚਾਰ ਸਮੇਂ ਪੰਚ ਪਰਵਾਨ (ਪੰਜ ਪਿਆਰੇ) ਸਾਡੇ ਸਰੀਰ ਅੰਦਰ ਅੰਮ੍ਰਿਤ ਸਿੰਚ ਦਿੰਦੇ ਹਨ। ਤਨ ਰੂਪੀ ਸਾਡਾ ਸੁੱਕਾ ਖੇਤ ਅੰਮ੍ਰਿਤ ਜਲ ਦੇ ਅੰਦਰ ਧਸਣ ਨਾਲ ਤਰਾਵਟ ਵਿੱਚ ਆ ਜਾਂਦਾ ਹੈ, ਖੁਸ਼ਕੀ ਦੂਰ ਹੋ ਜਾਂਦੀ ਹੈ ਅਤੇ ਕੌੜਾਪਨ ਮਿੱਠਤ ਵਿੱਚ ਬਦਲ ਜਾਂਦਾ ਹੈ ਨਿਰਬਲਤਾ ਖਤਮ ਹੋ ਜਾਂਦੀ ਹੈ ਅਤੇ ਬਲ ਆ ਜਾਂਦਾ ਹੈ।

ਪੰਚ ਪਰਵਾਨ ਸਾਡੇ ਹਿਰਦੇ ਅੰਦਰ 'ਨਾਮ' ਬੀਜ ਦਿੰਦੇ ਹਨ, ਅੰਮ੍ਰਿਤ ਨਾਮ ਦ੍ਰਿੜ੍ਹ ਕਰਵਾ ਦਿੰਦੇ ਹਨ। ਸਾਨੂੰ ਗੁਰੂ ਦੁਆਰਿਓਂ ਗੁਰਮੰਤ੍ਰ ਮਿਲ ਜਾਂਦਾ ਹੈ। ਫਿਰ ਇਸ ਗੁਰਮੰਤ੍ਰ ਦੀ ਕਮਾਈ ਕਰਨੀ ਸਾਡੀ ਡਿਊਟੀ ਬਣ ਜਾਂਦੀ ਹੈ। ਅਸੀਂ ਜਿਉਂ ਜਿਉਂ ਨਾਮ ਸਿਮਰਣ ਦੀ ਸੱਚੀ ਕਾਰ ਕਰਦੇ ਜਾਂਦੇ ਹਾਂ ਸਾਡੇ ਖੋਟ ਦੂਰ ਹੁੰਦੇ ਜਾਂਦੇ ਹਨ ਅਤੇ ਗੁਰੂ ਪਾਰਸ ਲੜ ਲੱਗ ਕੇ ਅਸੀਂ ਸ਼ੁੱਧ ਸੋਨਾ ਬਣਦੇ ਜਾਂਦੇ ਹਾਂ। ਅਸੀਂ 'ੴ' (ਵਾਹਿਗੁਰੂ) ਅਤੇ ਉਸਦੇ ਕੌਤਕਾਂ ਨੂੰ ਸਮਝਣ ਲੱਗ ਜਾਂਦੇ ਹਾਂ ਕਿਉਂ ਜੋ ਸਤਿਗੁਰੂ ਦੇ 'ਸ਼ਬਦ' ਦੁਆਰਾ ਸਾਡੀ ਅਗਿਆਨਤਾ ਦਾ ਹਨ੍ਹੇਰਾ ਦੂਰ ਹੁੰਦਾ ਜਾਂਦਾ ਹੈ। 'ਗਿਆਨ' ਦੇ ਪ੍ਰਗਟ ਹੋਣ ਕਾਰਨ ਅਸੀਂ ਗਿਆਨ ਵਾਲੇ ਅਥਵਾ ਗਿਆਨੀ ਬਣ ਜਾਂਦੇ ਹਾਂ, ਸਾਡੀ ਬੁਧੀ ਉੱਜਲ ਹੋ ਜਾਂਦੀ ਹੈ ਅਤੇ ਅਸੀਂ ਸੱਚ ਝੂਠ, ਖੋਟੇ ਖਰੇ, ਚੰਗੇ ਮੰਦੇ ਨੂੰ ਪਛਾਨਣ ਲੱਗ ਪੈਂਦੇ ਹਾਂ। ਸੱਚ ਨੂੰ ਪਛਾਨਣ ਕਾਰਨ ਸਾਡਾ ਜੀਵਨ ਰਾਹ ਸੁਖੱਲਾ ਹੋ ਜਾਂਦਾ ਹੈ।

ਪਿਆਰਿਓ! ਸਤਿਗੁਰੂ ਦੇ ਲੜ ਲੱਗ ਕੇ ਅਸੀਂ 'ਧਰਮ ਮਾਰਗ' ਵਿੱਚ ਸ਼ਾਮਲ ਹੋ ਜਾਂਦੇ ਹਾਂ। ਅਸੀਂ ਸਤਿ ਮਾਰਗ ਦੇ ਪਾਂਧੀ ਬਣ ਜਾਂਦੇ ਹਾਂ। ਸਾਡਾ ਕੂੜ-ਕੁਸੱਤ ਦਾ ਜੀਵਨ ਮੁੱਕ ਜਾਂਦਾ ਹੈ। ਸਤਿਗੁਰੂ ਦੇ ਲੜ ਲੱਗਣ ਨਾਲ ਸਾਡਾ ਪਿਛਲਾ ਆਨਮਤੀ ਜੀਵਨ ਖਤਮ ਹੋ ਜਾਂਦਾ ਹੈ ਅਤੇ ਸਤਿਗੁਰੂ ਦੇ ਘਰ ਸਾਡਾ ਜੀਵਨ ਆਰੰਭ ਹੋ ਜਾਂਦਾ ਹੈ।

**(ਬਾਕੀ ਪੰਨਾ 34 'ਤੇ)**

# ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ

ਸਵੱਈਆਂ ਦੀ ਬਾਣੀ ਵਿਚ ਬਲ ਭੱਟ ਸ੍ਰੀ ਗੁਰੂ ਰਾਮਦਾਸ ਜੀ ਦੀ ਉਸਤਤਿ ਕਰਦਿਆਂ ਕਹਿ ਰਿਹਾ ਹੈ ਕਿ ਹੇ ਗੁਰੂ ਰਾਮਦਾਸ! ਤੇਰੀ ਜੈ ਜੈ ਕਾਰ ਸਾਰੇ ਸੰਸਾਰ ਵਿਚ ਹੋ ਰਹੀ ਹੈ। ਹੇ ਸਤਿਗੁਰੂ! ਤੂੰ ਆਪ ਪਰਮ ਪਦ ਪ੍ਰਾਪਤ ਕਰ ਲਿਆ ਹੈ ਅਤੇ ਵਾਹਿਗੁਰੂ ਦੀ ਬਖ਼ਸ਼ਸ਼ ਸਦਕਾ ਜੋ ਵੀ ਤੇਰਾ ਦਰਸ਼ਨ ਪਰਸਦਾ ਹੈ ਉਹ ਵੀ ਪਾਰਸ ਸਮਾਨ ਹੋ ਜਾਂਦਾ ਹੈ, ਜੋ ਗਲੇ-ਸੜੇ ਲੋਹੇ ਨੂੰ ਵੀ ਕੰਚਨ ਕਰ ਦੇਂਦਾ ਹੈ। ਤੁਕਾਂ ਹਨ -

*ਕਰਮ ਕਹਿ ਤੁਅ ਦਰਸ ਪਰਸ ਪਾਰਸ ਸਰ ਬਲੵ ਭਟ ਜਸੁ ਗਾਇਯਉ॥*
*ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ ਤੈ ਹਰਿ ਪਰਮ ਪਦੁ ਪਾਇਯਉ॥੪॥ ਅੰਗ - ੧੪੦੫*

ਇਸੇ ਤਰ੍ਹਾਂ ਸਤਾ ਤੇ ਬਲਵੰਡ ਸਤਿਗੁਰਾਂ ਦੀ ਨਿੰਦਾ ਕਾਰਨ ਸਰਾਪੇ ਜਾਣ ਪਿਛੋਂ ਜਦੋਂ ਮੁੜ ਗੁਰੂ-ਸਰਨ ਆਏ ਤਾਂ ਗੁਰੂ-ਉਸਤਤਿ ਕਰਦਿਆਂ ਸ੍ਰੀ ਗੁਰੂ ਰਾਮਦਾਸ ਜੀ ਦੀ ਵਡਿਆਈ ਵਿਚ ਕਹਿੰਦੇ ਹਨ -

*ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ॥*
*ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ॥*
*ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ॥*
*ਅਟਲੁ ਅਥਾਹੁ ਅਤੋਲੁ ਤੂ ਤੇਰਾ ਅੰਤੁ ਨ ਪਾਰਾਵਾਰਿਆ॥*
*ਜਿਨ੍ਹੀ ਤੂ ਸੇਵਿਆ ਭਾਉ ਕਰਿ ਸੇ ਤੁਧੁ ਪਾਰਿ ਉਤਾਰਿਆ॥*
*ਲਬੁ ਲੋਭੁ ਕਾਮੁ ਕ੍ਰੋਧੁ ਮੋਹੁ ਮਾਰਿ ਕਢੇ ਤੁਧੁ ਸਪਰਵਾਰਿਆ॥*
*ਧੰਨੁ ਸੁ ਤੇਰਾ ਥਾਨੁ ਹੈ ਸਚੁ ਤੇਰਾ ਪੈਸਕਾਰਿਆ॥*
*ਨਾਨਕੁ ਤੂ ਲਹਣਾ ਤੂਹੈ ਗੁਰੁ ਅਮਰੁ ਤੂ ਵੀਚਾਰਿਆ॥*
*ਗੁਰੁ ਡਿਠਾ ਤਾਂ ਮਨੁ ਸਾਧਾਰਿਆ॥੭॥ ਅੰਗ - ੯੬੮*

ਸਿਖ-ਸੰਗਤਾਂ ਗੁਰੂ ਰਾਮਦਾਸ ਜੀ ਨੂੰ ਪਾਰਬ੍ਰਹਮ ਦਾ ਰੂਪ ਜਾਣ ਕੇ ਨਮਸਕਾਰ ਕਰਦੀਆਂ ਹਨ, ਪਰ ਹੇ! ਸਤਿਗੁਰੂ ਜਿਹੜੇ ਪੂਰਨ ਸ਼ਰਧਾ-ਭਾਵਨੀ ਨਾਲ ਤੈਨੂੰ ਸੇਵਦੇ ਹਨ ਉਨ੍ਹਾਂ ਦਾ ਤੂੰ ਪਾਰ ਉਤਾਰਾ ਕਰਦਾ ਹੈਂ ਅਤੇ ਮਨ ਗੁਰੂ ਦੇ ਦਰਸ਼ਨ ਕਰ ਕੇ ਹਰਾ ਭਰਾ ਹੋ ਜਾਂਦਾ ਹੈ।

ਐਸੇ ਸਤਿਗੁਰੂ ਦੀ ਜੈ ਜੈਕਾਰ ਦੀ ਧੁੰਨ ਤੇ ਧੰਨ ਧੰਨ ਦੀ ਗੁੰਜਾਰ ਵਿਚ, ਅਜ ਦੇ ਭਿਆਨਕ ਤੇ ਬਿਖੜੇ ਮਾਹੌਲ ਵਿਚ ਵੀ, ਉਨ੍ਹਾਂ ਦੇ ਪ੍ਰਕਾਸ਼ ਦਿਵਸ ਤੇ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤ-ਸਰੋਵਰ, ਸਾਰਾ ਆਲਾ ਦੁਆਲਾ ਅਤੇ ਸਾਰੀ ਨਗਰੀ ਜਗਮਗਾ ਉਠਦੀ ਹੈ, ਹਰ ਪਾਸੇ ਚਾਅ ਤੇ ਖੇੜੇ ਦਾ ਪਸਾਰਾ ਪਸਰ ਰਿਹਾ ਹੁੰਦਾ ਹੈ। ਭਾਵੇਂ ਚਹੁੰਆਂ ਪਾਸੇ ਕਰੜੇ ਪਹਿਰੇ ਤੇ ਸਖ਼ਤ ਪਾਬੰਦੀਆਂ ਲਗ ਰਹੀਆਂ ਹਨ, ਫਿਰ ਵੀ ਸਿਖ ਸੰਗਤਾਂ ਦਿਲ ਦੀ ਪੀੜਾ ਦਿਲ ਵਿਚ ਨੱਪ ਕੇ, ਖ਼ੁਸ਼ੀਆਂ ਦੇ ਉਮਾਉ ਵਿਚ ਧਾਈ ਕਰ ਕੇ ਗੁਰੂ-ਦਰਬਾਰ ਵਿਚ ਪੁੱਜਦੀਆਂ ਅਤੇ ਨਾਮ-ਬਾਣੀ ਦੇ ਲਾਹੇ ਲੈ ਕੇ ਆਪਣੇ ਹਿਰਦੇ ਠਰਦੀਆਂ ਹਨ।

ਗੁਰੂ ਰਾਮਦਾਸ ਜੀ ਦਾ ਜਨਮ ਲਾਹੌਰ ਚੂਨੇ ਮੰਡੀ ਵਿਖੇ, ਪਿਤਾ ਹਰਦਾਸ ਸੋਢੀ ਦੇ ਗ੍ਰਹਿ ਵਿਖੇ ੨੪ ਸਤੰਬਰ ੧੫੩੪ ਨੂੰ ਜਦੋਂ ਹੋਇਆ ਤਾਂ ਉਦੋਂ ਪਹਿਲੇ ਤਿੰਨੇ ਗੁਰੂ ਸਾਹਿਬਾਨ ਸਰੀਰਕ ਜਾਮੇ ਵਿਚ ਮੌਜੂਦ ਸਨ। ਗੁਰੂ ਅੰਗਦ ਸਾਹਿਬ ਤਾਂ ਉਦੋਂ ਭਾਈ ਲਹਿਣਾ ਰੂਪ ਵਿਚ ਦੋ ਸਾਲ ਤੋਂ ਗੁਰੂ ਨਾਨਕ ਪਾਤਸ਼ਾਹ ਦੀ ਸੇਵ ਕਮਾ ਰਹੇ ਸਨ ਅਤੇ ਸ੍ਰੀ ਅਮਰਦਾਸ ਜੀ ਓਦੋਂ ਤੀਰਥ-ਯਾਤਰਾ ਆਦਿ ਬਿਖੜੇ ਪੈਂਡਿਆਂ ਵਿਚ ਹੀ ਵਿਚਰ ਰਹੇ ਸਨ।

ਜੇਠਾ ਪੁੱਤਰ ਹੋਣ ਕਰ ਕੇ ਆਪ ਜੀ ਨੂੰ ਬਚਪਨ ਤੋਂ 'ਜੇਠਾ' ਨਾਂ ਨਾਲ ਪੁਕਾਰਿਆ ਜਾਂਦਾ ਸੀ। ਆਪ ਜੀ ਦੇ ਮਾਤਾ ਜੀ ਤਾਂ ਛੋਟੀ ਉਮਰੇ ਹੀ ਚਲਾਣਾ ਕਰ ਗਏ ਸਨ, ਸੱਤ ਸਾਲ ਦੀ ਉਮਰ ਵਿਚ ਪਿਤਾ ਜੀ ਵੀ ਵਿਛੋੜਾ ਦੇ ਗਏ। ਇਸ ਯਤੀਮ ਹਾਲਤ ਵਿਚ ਇਨ੍ਹਾਂ ਨੂੰ ਨਾਨੀ ਆਪਣੇ ਪਿੰਡ ਬਾਸਰਕੇ ਲੈ ਆਈ, ਜਿਥੇ ਸ੍ਰੀ ਅਮਰਦਾਸ ਜੀ ਰਹਿੰਦੇ ਸਨ ਅਤੇ ਓਦੋਂ ਤੋਂ ਹੀ ਆਪ, ਸ੍ਰੀ ਅਮਰਦਾਸ ਜੀ ਦੀ ਦੇਖ-ਰੇਖ ਵਿਚ ਵਿਚਰਦੇ ਰਹੇ। ਅਤਿ ਦੀ ਗ਼ਰੀਬੀ ਹੋਣ

ਕਰਕੇ ਘੁੰਗਣੀਆਂ ਵੇਚ ਕੇ ਗੁਜ਼ਾਰਾ ਕਰਦੇ ਰਹੇ। ਓਦੋਂ ਕੌਣ ਜਾਣਦਾ ਸੀ ਕਿ ਇਹ ਘੁੰਗਣੀਆਂ ਵੇਚਣ ਵਾਲਾ ਯਤੀਮ ਕਿਸੇ ਸਮੇਂ ਦੀਨ ਦੁਨੀਆ ਦਾ ਪਾਤਸ਼ਾਹ ਸਦਾਏਗਾ, ਜਿਸ ਦੇ ਦਰ ਤੇ ਰਾਜੇ ਮਹਾਰਾਜੇ ਅਤੇ ਪਾਤਸ਼ਾਹ ਵੀ ਆ ਕੇ ਸਿਰ ਨਿਵਾਉਣਗੇ। ਇਸ ਦਾ ਜ਼ਿਕਰ ਨਲ੍ਹ ਭੱਟ,ਆਪਣੀ ਬਾਣੀ ਵਿਚ ਇਉਂ ਕਰਦਾ ਹੈ -

***ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ॥੪॥***

***ਅੰਗ - ੧੩੯੯***

ਭਾਈ ਜੇਠਾ ਜੀ ਦੇ ਸੁਭਾਅ ਵਿਚ ਬਚਪਨ ਤੋਂ ਹੀ ਧੀਰਜ, ਮਿਠਾਸ, ਜੀਰਾਂਦ ਅਤੇ ਸੇਵਾ-ਭਾਵ ਕੁੱਟ ਕੁੱਟ ਕੇ ਭਰਿਆ ਹੋਇਆ ਸੀ। ਇਸ ਗਰੀਬੀ ਵਿਚ ਵੀ ਘੁੰਗਣੀਆਂ ਵੇਚਦਿਆਂ ਲੋੜਵੰਦਾਂ ਤੇ ਭੁਖਿਆਂ ਨੂੰ ਘੁੰਗਣੀਆਂ ਮੁਫ਼ਤ ਵੰਡ ਆਉਂਦੇ ਸਨ।

ਜਦੋਂ ਸ੍ਰੀ ਅਮਰਦਾਸ ਜੀ ਨੇ ਗੁਰੂ ਅੰਗਦ ਦੇਵ ਜੀ ਦੀ ਆਗਿਆ ਅਨੁਸਾਰ ਗੋਇੰਦਵਾਲ ਵਸਾਇਆ ਤਾਂ ਉਹ ਭਾਈ ਜੇਠਾ ਜੀ ਨੂੰ ਵੀ ਉਥੇ ਨਾਲ ਲੈ ਗਏ। ਗੋਇੰਦਵਾਲ ਵਿਚ ਵੀ ਆਪ ਜੀ ਘੁੰਗਣੀਆਂ ਵੇਚ ਕੇ ਹੀ ਆਪਣਾ ਅਤੇ ਨਾਨੀ ਦਾ ਗੁਜ਼ਾਰਾ ਕਰਦੇ ਰਹੇ। ਪਰ ਇਥੋਂ ਹੁਣ ਨਾਲ ਹੀ ਵਧ ਤੋਂ ਵਧ ਸੇਵਾ ਕਰਨ ਦੇ ਅਉਸਰ ਮਿਲਣ ਲਗ ਪਏ, ਕਦੇ ਕਦੇ ਸ੍ਰੀ ਅਮਰਦਾਸ ਜੀ ਦੇ ਨਾਲ ਖਡੂਰ ਸਾਹਿਬ ਵਿਚ ਵੀ ਗੁਰੂ ਅੰਗਦ ਸਾਹਿਬ ਦੇ ਦਰਸ਼ਨ ਪਰਸਨ ਦੇ ਸੁਭਾਗ ਪ੍ਰਾਪਤ ਹੋਣ ਲੱਗ ਪਏ।

ਅਤੁੱਟ ਸੇਵਾ-ਕਮਾਈ ਦੇ ਸਦਕਾ ੧੫੫੨ ਈਸਵੀ ਨੂੰ ਅਮਰਦਾਸ ਜੀ ਗੁਰੂ-ਪਦ ਨੂੰ ਪ੍ਰਾਪਤ ਹੋਏ। ਹੁਣ ਖਡੂਰ ਸਾਹਿਬ ਦੀ ਥਾਂ ਗੁਰਤਾ-ਗਦੀ ਸ੍ਰੀ ਗੋਇੰਦਵਾਲ ਵਿਖੇ ਆ ਪ੍ਰਕਾਸ਼ਮਾਨ ਹੋਈ ਅਤੇ ਗੁਰੂ ਅਮਰਦਾਸ ਜੀ ਸਿਖ ਸੰਗਤਾਂ ਨੂੰ ਸੇਵਾ-ਸਿਮਰਨ ਨਾਲ ਨਿਹਾਲ ਕਰਨ ਲਗੇ। ਭਾਈ ਜੇਠਾ ਜੀ ਗੁਰੂ ਅਮਰਦਾਸ ਜੀ ਦੇ ਮਨ ਨੂੰ ਇਤਨੇ ਭਾ ਗਏ ਸਨ ਕਿ ਉਨ੍ਹਾਂ ਨੇ ਆਪਣੀ ਪੁੱਤਰੀ ਬੀਬੀ ਭਾਨੀ ਦਾ ਵਿਆਹ ਸੰਨ ੧੫੫੩ ਵਿਚ ਆਪ ਨਾਲ ਕਰ ਦਿਤਾ।

ਭਾਈ ਜੇਠਾ ਜੀ ਗੁਰੂ ਪਾਤਸ਼ਾਹ ਦੇ ਜਵਾਈ ਬਣ ਕੇ ਵੀ ਪਹਿਲਾਂ ਵਾਂਗ ਹੀ ਲੰਗਰ ਲਈ ਜਲ ਅਤੇ ਲੱਕੜਾਂ ਆਦਿ ਦੀ ਸੇਵਾ ਵਿਚ ਚਾਉ ਉਮਾਉ ਨਾਲ ਜੁਟੇ ਰਹੇ।

ਜਦੋਂ ੧੫੫੭ ਈ: ਨੂੰ ਗੁਰੂ-ਦਰਬਾਰ ਦੇ ਕੁਝ ਦੋਖੀਆਂ ਨੇ ਅਕਬਰ ਬਾਦਸ਼ਾਹ ਦੇ ਹਿੰਦੂ ਅਫ਼ਸਰਾਂ ਰਾਹੀਂ ਗੁਰੂ ਅਮਰਦਾਸ ਜੀ ਦੇ ਬਰਖ਼ਿਲਾਫ ਕੰਨ ਭਰੇ ਤਾਂ ਲਾਹੌਰ ਵਿਖੇ ਆਏ ਹੋਏ ਅਕਬਰ ਨੇ ਸਤਿਗੁਰੂ ਜੀ ਨੂੰ ਬੁਲਾ ਭੇਜਿਆ, ਸਤਿਗੁਰਾਂ ਦੀ ਉਮਰ ਓਦੋਂ ੭੮ ਸਾਲ ਹੋ ਚੁੱਕੀ ਸੀ, ਉਨ੍ਹਾਂ ਨੇ ਆਪਣੀ ਥਾਂ ਤੇ ਭਾਈ ਜੇਠਾ ਜੀ ਨੂੰ ਸ਼ਾਹੀ ਦਰਬਾਰ ਵਿਖੇ ਭੇਜ ਦਿਤਾ। ਭਾਈ ਜੇਠਾ ਜੀ ਦਾ ਹਿਰਦਾ ਗੁਰੂ ਘਰ ਦੀ ਅਥੱਕ ਸੇਵਾ ਅਤੇ ਸਿਮਰਨ ਕਰਕੇ ਅਤਿ ਨਿਰਮਲ ਅਤੇ ਸ਼ਾਂਤ ਹੋ ਚੁੱਕਾ ਸੀ। ਆਪ ਜੀ ਨੇ ਆਪਣੇ ਮਿੱਠੇ, ਕੋਮਲ ਤੇ ਧੀਰਜ ਭਰੇ ਬਚਨਾਂ ਦੁਆਰਾ, ਗੁਰੂ-ਘਰ ਦੀ ਰਹਿਤ-ਰਹਿਣੀ ਐਸੀ ਸਿਆਣਪ ਤੇ ਸੁਚੱਜਤਾ ਨਾਲ ਬਿਆਨ ਕੀਤੀ ਕਿ ਸਭ ਦਰਬਾਰੀਆਂ ਸਮੇਤ ਬਾਦਸ਼ਾਹ ਦੀ ਪੂਰੀ ਤਰ੍ਹਾਂ ਨਿਸ਼ਾ ਹੋ ਗਈ। ਚੁਗ਼ਲੀਆਂ ਕਰਨ ਵਾਲੇ ਗੁਰੂ-ਘਰ ਦੇ ਨਿੰਦਕਾਂ ਤੇ ਦੋਖੀਆਂ ਨੂੰ ਬੁਰੀ ਤਰ੍ਹਾਂ ਬੇਇਜ਼ਤ ਹੋ ਕੇ ਵਾਪਸ ਮੁੜਨਾ ਪਿਆ।

ਬਾਉਲੀ ਸਾਹਿਬ ਦੀ ਖੁਦਵਾਈ ਹੋਈ ਤਾਂ ਭਾਈ ਜੇਠਾ ਜੀ ਸਾਰਾ ਦਿਨ ਹੀ ਗਾਰੇ ਮਿੱਟੀ ਵਿਚ ਲੱਖ-ਪੱਥ ਟੋਕਰੀ ਢੋਣ ਦੀ ਸੇਵਾ ਵਿਚ ਹੀ ਬਿਤਾਂਦੇ। ਅਜਿਹੀ ਦਸ਼ਾ ਵਿਚ ਵਿਚਰਦਿਆਂ ਸ਼ਰੀਕੇ ਦੇ ਰਿਸ਼ਤੇਦਾਰਾਂ ਜਦੋਂ ਆ ਕੇ ਵੇਖਿਆ ਤਾਂ ਉਨ੍ਹਾਂ ਗੁਰੂ ਅਮਰਦਾਸ ਜੀ ਨੂੰ ਜਾ ਉਲਾਂਭਾ ਦਿਤਾ ਕਿ ਜਵਾਈ-ਭਾਈ ਤੋਂ ਟੋਕਰੀ ਢੁਆ ਕੇ ਤੁਸਾਂ ਸਾਡਾ ਨੱਕ ਵੱਢ ਦਿਤਾ ਹੈ। ਪਰ ਭਾਈ ਜੇਠਾ ਜੀ ਇਹ ਅਪਮਾਨ ਦੇ ਬਚਨ ਸੁਣ ਕੇ ਸਤਿਗੁਰੂ ਦੀ ਚਰਨੀਂ ਢਹਿ ਪਏ ਤੇ ਬੇਨਤੀ ਕੀਤੀ ਕਿ ਇਨ੍ਹਾਂ ਭੁੱਲੜਾਂ ਨੂੰ ਬਖ਼ਸ਼ ਦਿਓ।

ਗੁਰੂ ਅਮਰਦਾਸ ਜੀ ਨੇ ੯੧ ਸਾਲ ਦੀ ਉਮਰ ਵਿਚ ਗੁਰਸਿੱਖੀ ਦੇ ਪਰਚਾਰ ਲਈ ਮਾਝੇ ਦੇ ਕੇਂਦਰ ਵਿਚ ਜ਼ਮੀਨ ਲਈ ਅਤੇ ਨਵੇਂ ਨਗਰ ਦੀ ਉਸਾਰੀ ਕਰਵਾਉਣ ਲਈ ਭਾਈ ਜੇਠਾ ਜੀ ਦੀ ਸੇਵਾ ਲਾ ਦਿਤੀ। ੧੫੭੦ ਵਿਚ ਗੁਰੂ ਅਮਰਦਾਸ ਜੀ ਨੇ ਆਪ ਉਸ ਜ਼ਮੀਨ ਵਿਖੇ 'ਗੁਰੂ ਕਾ ਚੱਕ' ਵਸਾਣ ਲਈ ਮੋੜ੍ਹੀ ਗਡੀ ਅਤੇ ਉਪਰੰਤ ਭਾਈ ਜੇਠਾ ਜੀ ਇਸ ਨਗਰ ਨੂੰ ਵਸਾਉਣ ਲਈ ਪੁਰਜ਼ੋਰ ਢੰਗ ਨਾਲ ਲਗ ਪਏ। ਜਿਥੇ ਭਾਈ ਜੇਠਾ ਜੀ ਸਿਖ-ਸੰਗਤਾਂ ਦੀ ਸੇਵਾ-ਸੰਭਾਲ ਅਤੇ ਨਗਰ ਵਸਾਉਣ ਲਈ ਹੋਰ ਸਾਰੇ ਪ੍ਰਬੰਧ ਕਰ ਰਹੇ ਸੀ ਅਤੇ ਸਾਮਾਨ ਆਦਿ ਲਿਆ ਰਹੇ ਸਨ ਉਥੇ ਉਹ ਆਪ ਵੀ ਮਿੱਟੀ ਗਾਰੇ ਦੀ ਸੇਵਾ ਨਿਭਾਂਦੇ ਰਹੇ। ਗੁਰੂ-ਦਰ ਦੇ ਆਸ਼ਕ ਅਤੇ ਵਪਾਰੀ ਲੋਕ ਇਸ ਨਗਰ ਵਿਚ ਆ ਕੇ ਅਬਾਦ ਹੋਣੇ ਸ਼ੁਰੂ ਹੋ ਗਏ ਅਤੇ ਦੇਖਦਿਆਂ-ਦੇਖਦਿਆਂ ਕੁਝ ਸਾਲਾਂ ਵਿਚ ਇਹ ਚੰਗੀ ਵਸੋਂ ਵਾਲਾ ਨਗਰ ਬਣ ਗਿਆ।

੧੫੭੪ ਈ: ਵਿਚ ਗੁਰੂ ਅਮਰਦਾਸ ਜੀ ਨੇ ਗੁਰਿਆਈ ਦੇਣ ਤੋਂ ਪਹਿਲਾਂ ਇਕ ਵਾਰ ਹੋਰ ਗੁਰਸਿੱਖਾਂ ਦੀ ਪਰਖ ਕੀਤੀ, ਜਿਸ ਵਿਚ ਅੰਤ ਤਕ ਸਤਿਗੁਰੂ ਜੀ ਦੇ ਦੋਨੋਂ ਜਵਾਈ ਭਾਈ ਜੇਠਾ ਜੀ ਤੇ ਭਾਈ ਰਾਮਾ ਜੀ ਪੂਰੇ

ਉਤਰਦੇ ਰਹੇ। ਇਸ ਬਾਰ ਸਤਿਗੁਰੂ ਜੀ ਨੇ ਖ਼ਾਸ ਵਿਉਂਤ ਦੇ ਦੋ ਵੱਖ-ਵੱਖ ਥੜ੍ਹੇ ਬਣਾਉਣ ਲਈ ਦੋਹਾਂ ਸੇਵਕਾਂ ਨੂੰ ਆਗਿਆ ਕੀਤੀ। ਦੋਵੇਂ ਸਵੇਰ ਤੋਂ ਸ਼ਾਮ ਤਕ ਗਾਰੇ ਮਿੱਟੀ ਨਾਲ ਲੱਥ ਪੱਥ ਥੜ੍ਹੇ ਬਣਾਉਣ ਦੀ ਸੇਵਾ ਕਰਦੇ, ਪਰ ਸਤਿਗੁਰਾਂ ਨੇ ਸ਼ਾਮ ਨੂੰ ਆ ਕੇ ਦੋਵੇਂ ਰੱਦ ਕਰ ਦੇਣੇ। ਭਾਈ ਰਾਮਾ ਜੀ ਤਾਂ ਤਿੰਨ ਚਾਰ ਦਿਨਾਂ ਵਿਚ ਹੰਭ ਹੁਟ ਕੇ ਡੋਲ ਗਏ, ਪਰ ਭਾਈ ਜੇਠਾ ਜੀ ਪੂਰੀ ਸਿਦਕਦਿਲੀ ਨਾਲ ਸੱਤ ਦਿਨ ਥੜ੍ਹਾ ਬਣਾਉਣ ਦੀ ਕਾਰ ਕਮਾਉਂਦੇ ਰਹੇ। ਸਤਿਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਦੀ ਅਤਿ ਗਰੀਬੀ ਅਤੇ ਹੁਕਮ ਵਿਚ ਰਹਿ ਕੇ ਕਾਰ ਕਮਾਉਣ ਦੀ ਦ੍ਰਿੜਤਾ ਅਤੇ ਪਿਆਰ-ਸਿਦਕ ਤੇ ਪ੍ਰਸੰਨ ਹੋ ਕੇ, ਭਾਈ ਜੇਠਾ ਜੀ ਨੂੰ ਗੁਰਗੱਦੀ ਬਖ਼ਸ਼ ਦਿੱਤੀ। ਭਾਈ ਜੇਠਾ ਜੀ ਸ੍ਰੀ ਗੁਰੂ ਰਾਮਦਾਸ ਰੂਪ ਬਣ ਕੇ ਪਰਗਟ ਹੋ ਗਏ।

ਗੁਰੂ-ਪਦ ਨੂੰ ਪ੍ਰਾਪਤ ਕਰਕੇ ਗੁਰੂ ਰਾਮਦਾਸ ਜੀ ਗੁਰੂ-ਚਕ ਆ ਗਏ ਅਤੇ ਨਗਰ ਨੂੰ ਵਧਣ ਫੁਲਣ ਲਈ ਹਰ ਤਰ੍ਹਾਂ ਦੇ ਪਰਬੰਧ ਵਿਚ ਜੁਟ ਗਏ। ਸਿਖ ਸੰਗਤਾਂ ਦੂਰ ਦੂਰ ਤੋਂ ਧਾਈ ਕਰ ਕੇ ਗੁਰੂ ਕੀ ਨਗਰੀ ਪੁਜਦੀਆਂ ਅਤੇ ਆਪਣੇ ਪਾਤਸ਼ਾਹ ਤੋਂ ਨਾਮ-ਦਾਨ ਤੇ ਸਿੱਖੀ ਸਿਦਕ ਦੀ ਦਾਤ ਪ੍ਰਾਪਤ ਕਰਦੀਆਂ। ਸਿਖ ਸੰਗਤਾਂ ਦੀ ਲੋੜ ਨੂੰ ਮੁੱਖ ਰਖ ਕੇ ਆਪ ਨੇ ਅੰਮ੍ਰਿਤ-ਸਰੋਵਰ ਪੁਟਵਾਣਾ ਅਰੰਭ ਕੀਤਾ ਅਤੇ ਸਿਖ ਸੰਗਤਾਂ ਦੇ ਨਾਲ ਆਪ ਵੀ ਟੋਕਰੀ ਢੋਣ ਦੀ ਸੇਵਾ ਨਿਭਾਉਂਦੇ ਰਹੇ। ਸਰੋਵਰ ਦੀ ਕਾਰ-ਸੇਵਾ ਸਮੇਂ ਸਤਿਗੁਰੂ ਜੀ ਲਾਚੀ-ਬੇਰੀ ਵਾਲੇ ਅਸਥਾਨ ਤੇ ਬਿਰਾਜਮਾਨ ਹੋ ਕੇ ਦੇਖ-ਰੇਖ ਕਰਦੇ ਸਨ। ਇਨ੍ਹਾਂ ਦਿਨਾਂ ਵਿਚ ਹੀ ਇਕ ਘਟਨਾ ਵਾਪਰੀ। ਪੱਟੀ ਵਿਖੇ ਮੁਗ਼ਲ ਰਾਜ ਦਾ ਇਕ ਕਾਰਦਾਰ ਰਹਿੰਦਾ ਸੀ, ਜੋ ਬੜਾ ਹੰਕਾਰੀ ਤੇ ਰੱਬ ਤੋਂ ਮੁਨਕਰ ਸੀ। ਉਹ ਆਪਣੇ ਆਪ ਨੂੰ ਹੀ ਸਭ ਕੁਝ ਸਮਝਦਾ ਸੀ। ਉਸ ਦੀਆਂ ਪੰਜ ਧੀਆਂ ਸਨ, ਵਡੀਆਂ ਤਾਂ ਜਿਵੇਂ ਉਹ ਕਹਿੰਦਾ, ਮੰਨੀ ਜਾਂਦੀਆਂ, ਪਰ ਛੋਟੀ ਬੀਬੀ ਰਜਨੀ ਦੇ ਕੰਨੀਂ ਗੁਰੂ ਨਾਨਕ ਦੀ ਬਾਣੀ-ਸਰੋਤ ਪੈਣ ਕਰਕੇ ਦਾਤਾਤ-ਪ੍ਰਭੂ ਤੇ ਭਰੋਸਾ ਰੱਖਦੀ ਸੀ। ਪਿਤਾ ਨੇ ਉਸ ਦੇ ਇਸ ਭਰੋਸੇ ਤੇ ਸੱਟ ਮਾਰਨ ਲਈ ਉਸ ਨੂੰ ਇਕ ਕੰਗਲੇ ਨਾਲ ਵਿਆਹ ਕੇ ਘਰੋਂ ਧੱਕ ਦਿੱਤਾ ਕਿ ਵੇਖਦਾ ਹਾਂ ਕਿਵੇਂ ਕੋਈ ਰੱਬ ਤੇਰੀ ਪ੍ਰਤਿਪਾਲਣਾ ਕਰਦਾ ਹੈ। ਬੀਬੀ ਭਾਨੀ ਪਿੰਗਲੇ ਪਤੀ ਨੂੰ ਖਾਰੇ ਵਿਚ ਪਾ ਕੇ ਦਰ ਦਰ ਮੰਗਦੀ ਗੁਰੂ ਚੱਕ ਆ ਪੁੱਜੀ। ਦੁਖ-ਭੰਜਨੀ ਬੇਰੀ ਵਾਲੇ ਥਾਂ ਤੇ ਜਲ ਦੀ ਛਪੜੀ ਦੇ ਕੰਢੇ ਪਤੀ ਦਾ ਟੋਕਰਾ ਰਖ ਕੇ, ਆਪ ਮੰਗਣ ਪਿੰਨਣ ਚਲੀ ਗਈ। ਪਿਛੋਂ ਉਸ ਦੇ ਪਿੰਗਲੇ ਪਤੀ ਨੇ ਵੇਖਿਆ ਕਿ ਇਕ ਕਾਂ ਛਪੜੀ-ਕੰਢੇ ਆਇਆ ਅਤੇ ਉਹ ਜਲ ਵਿਚ ਟੁੱਭੀ ਲਾ ਕੇ ਕਾਲੇ ਕਾਂ ਤੋਂ ਹੰਸ ਸਮਾਨ ਉਜਲ ਹੋ ਕੇ ਉਡਾਰੀ ਮਾਰ ਗਿਆ । ਪਿੰਗਲੇ ਨੇ ਇਹ ਕੌਤਕ ਵੇਖਿਆ ਤਾਂ ਉਹ ਵੀ ਰਿੜ੍ਹ-ਰੁੜ੍ਹ ਕੇ ਉਸ ਛਪੜੀ ਵਿਚ ਜਾ ਪਿਆ। ਛਪੜੀ ਦੇ ਜਲ ਨੇ ਉਸ ਦਾ ਕਾਂਇਆਂ-ਕਲਪ ਕਰ ਦਿਤਾ, ਉਹ ਨਵਾਂ ਨਿਰੋਆ ਹੋ ਗਿਆ। ਬੀਬੀ ਭਾਨੀ ਮੁੜੀ ਤਾਂ ਉਸ ਨੂੰ ਵੇਖ ਕੇ ਬੀਬੀ ਨੂੰ ਅਖੰਨਾ ਨਾ ਆਵੇਂ ਕਿ ਇਹ ਉਹੋ ਮੇਰਾ ਕੋੜ੍ਹੀ ਪਤੀ ਹੈ। ਅੰਤ ਉਹ ਦੋਵੇਂ ਗੁਰੂ ਰਾਮਦਾਸ ਜੀ ਦੀ ਚਰਨ-ਸ਼ਰਨ ਵਿਚ ਹਾਜ਼ਰ ਹੋਏ ਤਾਂ ਸਤਿਗੁਰੂ ਜੀ ਨੇ ਬੀਬੀ ਨੂੰ ਯਕੀਨ ਦਿਵਾਇਆ ਕਿ ਇਹ ਗੁਰੂ-ਦਰਬਾਰ ਦੀ ਜ਼ਾਹਰਾ ਕਲਾ ਹੈ, ਇਹ ਤੇਰਾ ਹੀ ਪਤੀ ਹੈ, ਇਸ ਵਿਚ ਰਤਾ ਸ਼ੰਕਾ ਨਾ ਕਰ। ਦੋਵੇਂ ਜੀਅ ਗੁਰੂ-ਚੱਕ ਵਿਚ ਹੀ ਟਿਕ ਗਏ ਅਤੇ ਸੇਵਾ ਸਿਮਰਨ ਕਰਦਿਆਂ ਧਰਮ ਦੀ ਕਿਰਤ ਵਿਰਤ ਕਰ ਕੇ ਆਪਣੀ ਰਹਿੰਦੀ ਆਯੂ ਉਥੇ ਹੀ ਬਿਤਾਉਣ ਲੱਗੇ।

ਸ੍ਰੀ ਗੁਰੂ ਰਾਮਦਾਸ ਜੀ ਦੀ ਅਥੱਕ ਮਿਹਨਤ ਅਤੇ ਘਾਲਣਾ ਨਾਲ ਅੰਮ੍ਰਿਤ-ਸਰੋਵਰ ਮੁਕੰਮਲ ਹੋਇਆ ਅਤੇ ਗੁਰੂ ਕਾ ਚੱਕ ਵੀ ਬੇਅੰਤ ਰੌਣਕਾਂ ਵਿਚ ਸਸ਼ੋਭਤ ਹੋ ਗਿਆ। ਅੰਮ੍ਰਿਤ ਦੇ ਸਰੋਵਰ ਕਰਕੇ ਨਗਰੀ ਦਾ ਨਾਂ ਵੀ ਸਹਿਜੇ ਸਹਿਜੇ 'ਗੁਰੂ ਕੇ ਚੱਕ' ਦੀ ਥਾਂ ਅੰਮ੍ਰਿਤਸਰ ਪ੍ਰਸਿੱਧ ਹੋ ਗਿਆ। ਗੁਰੂ ਪੰਚਮ ਪਾਤਸ਼ਾਹ ਫੁਨਹੇ ਮਹਲਾ ੫ ਵਿਚ ਇਸ ਨਗਰੀ ਤੇ ਸਰੋਵਰ ਦੀ ਸ਼ੋਭਾ ਇਉਂ ਨਿਰੂਪਣ ਕਰਦੇ ਹਨ-

***ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ॥***<br>
***ਬਧੋਹੁ ਪੁਰਖਿ ਬਿਧਾਤੈ ਤਾਂ ਤੂੰ ਸੋਹਿਆ॥***<br>
***ਵਸਦੀ ਸਘਨ ਅਪਾਰ ਅਨੂਪ ਰਾਮਦਾਸਪੁਰ॥***<br>
***ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ॥੧੦॥ ਅੰਗ - ੧੩੬੨***

ਭਾਈ ਗੁਰਦਾਸ ਜੀ ਵੀ ਗੁਰੂ ਰਾਮਦਾਸ ਜੀ ਦੀ ਜਗਮਗਾਂਦੀ ਜੋਤਿ ਦਾ ਇਸ ਸਮੇਂ ਦਾ ਜ਼ਿਕਰ ਕਰਦੇ ਹਨ-

***ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ॥***<br>
***ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚਿ ਜੋਤਿ ਜਗਾਵੈ॥***<br>
***ਵਾਰ ੧, ਪਉੜੀ ੪੭***

ਸ੍ਰੀ ਗੁਰੂ ਅਰਜਨ ਦੇਵ ਜੀ ਹਰ ਤਰ੍ਹਾਂ ਗੁਰੂ-ਪਾਤਸ਼ਾਹ ਦੀ ਘਸਵੱਟੀ ਤੇ ਪੂਰਨ ਗੁਰਸਿਖ ਰੂਪ ਹੋ ਕੇ ਨਿੱਤਰੇ ਅਤੇ ਸਬਰ-ਸਿਦਕ ਨਾਲ ਸਭ ਕਾਰ ਕਮਾਂਦੇ ਰਹੇ, ਆਪ ਗੁਰਮਤਿ-ਗੁਣਾਂ ਵਿਚ ਨਿਪੁੰਨ ਸਨ, ਪਰ ਇਸ ਦੇ ਉਲਟ ਬਾਬਾ ਪ੍ਰਿਥੀਚੰਦ ਭਾਵੇਂ ਦੁਨਿਆਵੀ ਤੌਰ ਤੇ ਹਰ ਤਰ੍ਹਾਂ ਸੁਘੜ ਸੁਜਾਨ ਸੀ, ਪਰ ਉਸ ਦੇ ਅੰਦਰ ਹਉਮੈ ਦੇ ਕਾਰਨ ਮਾਇਆ ਪ੍ਰਬਲ ਸੀ, ਜਿਸ ਕਰਕੇ ਉਹ ਸਿੱਖੀ ਸਿਦਕ ਤੋਂ ਥਿੜਕਿਆ ਰਿਹਾ। ਗੁਰੂ ਰਾਮਦਾਸ ਜੀ ਨੇ ਉਸ ਨੂੰ ਕਈ ਵਾਰ ਸਮਝਾਇਆ ਵੀ, ਅਤੇ ਉਸ ਪ੍ਰਥਾਇ ਗੁਰਬਾਣੀ ਵਿਚ ਵੀ

ਇਹ ਬਚਨ ਆਉਂਦੇ ਹਨ -

*ਕਾਹੇ ਪੂਤ ਝਗਰਤ ਹਉ ਸੰਗਿ ਬਾਪ॥*
*ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ॥ ਅੰਗ - ੧੨੦੦*

ਅੰਤ ਅਗਸਤ ੧੫੮੧ ਨੂੰ ਆਪ ਜੀ ਨੇ ਗੁਰਿਆਈ ਦੀ ਜ਼ਿੰਮੇਵਾਰੀ ਗੁਰੂ ਅਰਜਨ ਦੇਵ ਜੀ ਨੂੰ ਬਖਸ਼ ਦਿਤੀ।

ਇਸ ਸਮੇਂ ਪ੍ਰਿਥੀਚੰਦ ਦੀ ਈਰਖਾ ਤੋਂ ਬਚਣ ਲਈ ਗੁਰੂ ਰਾਮਦਾਸ ਜੀ ਆਪਣੇ ਆਗਿਆਕਾਰ ਪੁੱਤਰ ਸ੍ਰੀ ਗੁਰੂ ਅਰਜਨ ਦੇਵ ਜੀ ਸਮੇਤ ਗੋਇੰਦਵਾਲ ਜਾ ਟਿਕੇ ਅਤੇ ਇਥੇ ਹੀ ੧ ਸਤੰਬਰ ੧੫੮੧ ਨੂੰ ਜੋਤੀ ਜੋਤਿ ਸਮਾ ਗਏ।

ਸ੍ਰੀ ਗੁਰੂ ਰਾਮਦਾਸ ਜੀ ਨੂੰ ਗੁਰਮਤਿ ਸੰਗੀਤ ਦਾ ਅਲੋਕਿਕ ਇਸ਼ਕ ਸੀ, ਇਸੇ ਕਾਰਨ ਉਨ੍ਹਾਂ ਦੀ ਬਾਣੀ ੩੦ ਰਾਗਾਂ ਵਿਚ ਮਿਲਦੀ ਹੈ, ਜਦ ਕਿ ਸ੍ਰੀ ਗੁਰੂ ਨਾਨਕਦੇਵ ਜੀ ਦੀ ੧੯ ਅਤੇ ਗੁਰੂ ਅਮਰਦਾਸ ਜੀ ਦੀ ੧੭ ਰਾਗਾਂ ਵਿਚ।

ਆਪ ਜੀ ਦੀ ਬਾਣੀ ਵਿਚ ਬ੍ਰਿਹੋਂ, ਵੈਰਾਗ ਅਤੇ ਗੁਰੂ-ਚਰਨਾਂ ਦਾ ਪ੍ਰੇਮ ਠਾਠਾਂ ਮਾਰਦਾ ਹੈ। ਆਪ ਜੀ ਦੀ ਰਚਿਤ ਬਾਣੀ ਵਿਚ ਚਾਰ ਰਾਗਾਂ ਦੀਆਂ ੬-੬ ਅਸ਼ਟਪਦੀਆਂ (੨੪ ਅਸ਼ਟਪਦੀਆਂ) ਪ੍ਰੇਮ ਤੇ ਬਿਰਹੋਂ ਰੰਗ ਵਿਚ ਰੰਗੀਆਂ ਹੋਈਆਂ ਹਨ ਅਤੇ ਇਹ ਬਾਣੀ 'ਸੁਖਮਨਾ ਸਾਹਿਬ' ਦੇ ਨਾਂ ਹੇਠ ਪ੍ਰਸਿੱਧ ਹੈ। ਅਜੇ ਵੀ ਕਈ ਗੁਰੂ ਕੇ ਲਾਲ ਇਸ ਬਾਣੀ ਦਾ ਨਿਤ ਅੰਮ੍ਰਿਤ ਵੇਲੇ ਪਾਠ ਕਰਦੇ ਤੇ ਅਨੰਦਤ ਹੁੰਦੇ ਹਨ।

ਗੁਰੂ ਰਾਮਦਾਸ ਜੀ ਦੇ ਜੋਤੀ ਜੋਤਿ ਸਮਾਉਣ ਪਿਛੋਂ ਬਰਾਦਰੀ ਵਲੋਂ ਜੋ ਇਕੱਠ ਗੋਇੰਦਵਾਲ ਹੋਇਆ, ਉਸ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪ੍ਰਤਿਭਾ ਉਜਾਗਰ ਹੋ ਗਈ। ਇਸ ਸਮੇਂ ਸਾਲਾਂ ਬੱਧੀ ਠੋਕਰਾਂ ਖਾਂਦੇ ਭੱਟ ਵੀ ਗੁਰੂ-ਦਰਬਾਰ ਵਿਚ ਹਾਜ਼ਰ ਹੋਏ। ਉਨ੍ਹਾਂ ਨੇ ਉਥੇ ਜੋਤਿ ਦਾ ਜੋ ਪ੍ਰਕਾਸ਼ ਤੱਕਿਆ, ਉਹ ਉਨ੍ਹਾਂ ਦੇ ਹਿਰਦਿਆਂ ਨੂੰ ਰੁਸ਼ਨਾ ਗਿਆ। ਉਸ ਸਮੇਂ ਭੱਟਾਂ ਨੇ ਗੁਰੂ-ਉਸਤਤ ਵਿਚ ਜੋ ਸਵਈਏ ਉਚਾਰਨ ਕੀਤੇ ਉਨ੍ਹਾਂ ਵਿਚ ਸ੍ਰੀ ਗੁਰੂ ਰਾਮਦਾਸ ਜੀ ਦੀ ਮਹਾਨਤਾ ਨੂੰ ਬਿਆਨ ਕਰਦਿਆਂ ਲਿਖਿਆ ਕਿ ਠਾਕਰ ਹਰਦਾਸ ਜੀ ਦੇ ਸਪੁੱਤਰ ਗੁਰੂ ਰਾਮਦਾਸ ਜੀ ਪ੍ਰਭੂ ਤੋਂ ਟੁੱਟੇ ਹੋਏ ਹਿਰਦਿਆਂ ਨੂੰ ਨੱਕਾ ਨੱਕ ਨਾਮ-ਬਾਣੀ ਨਾਲ ਭਰ ਦੇਣ ਵਾਲੇ ਹਨ। ਉਨ੍ਹਾਂ ਦੀ ਨਿਰਮਲ ਸੰਗਤ ਵਿਚ ਚਲੂਲੇ ਆਤਮ-ਰੰਗ ਨਜੀਬ ਹੁੰਦੇ ਹਨ ਅਤੇ ਮਨ ਸਹਜ ਅਵਸਥਾ ਵਿਚ ਟਿਕ ਕੇ ਜੋਤਿ ਸਰੂਪੀ ਪ੍ਰਭੂ ਨਾਲ ਇਕ-ਮਿਕ ਹੋ ਜਾਂਦਾ ਹੈ।

ਉਨ੍ਹਾਂ ਦੀ ਪ੍ਰੇਮਾ-ਭਗਤੀ ਦੇ ਭਰੇ ਭੰਡਾਰਾਂ ਦੀ ਬਖ਼ਸ਼ਸ਼ ਨਾਲ ਪਰਮ ਪਦ ਨੂੰ ਪ੍ਰਾਪਤ ਹੋਈਦਾ ਹੈ। ਪ੍ਰੇਮਾ ਭਗਤੀ ਦੇ ਪਰਵਾਹ ਕਾਰਨ ਉਨ੍ਹਾਂ ਦੀ ਪੂਰਬਲੀ ਪ੍ਰਭੂ-ਪ੍ਰੀਤ ਵਿਚ ਕਦੇ ਠਲ੍ਹ ਨਹੀਂ ਪੈਂਦੀ, ਸਗੋਂ ਸਤਿਗੁਰੂ ਦਾ ਅਥਾਹ ਗੁਰ-ਸ਼ਬਦ ਜਪ ਜਪ ਕੇ ਉਹ ਅੰਮ੍ਰਿਤ-ਧਾਰਾ ਦੇ ਰਸ ਵਿਚ ਸਦਾ ਲਿਵਲੀਨ ਰਹਿੰਦੇ ਹਨ। ਭੱਟ-ਬਾਣੀ ਇਉਂ ਹੈ -

*ਕਵਿ ਕਲ੍ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ॥੨॥*
*ਸਤਿਗੁਰ ਮਤਿ ਗੂੜ੍ ਬਿਮਲ ਸਤਸੰਗਤਿ ਆਤਮੁ ਰੰਗਿ ਚਲੂਲੁ ਭਯਾ॥*
*ਜਾਗ੍ਯਾ ਮਨੁ ਕਵਲੁ ਸਹਜਿ ਪਰਕਾਸ੍ਯਾ ਅਭੈ ਨਿਰੰਜਨੁ ਘਰਹਿ ਲਹਾ॥੩॥ ਅੰਗ - ੧੩੯੬*

*ਸਤਗੁਰ ਪਰਸਾਦਿ ਪਰਮ ਪਦੁ ਪਾਯਾ ਭਗਤਿ ਭਾਇ ਭੰਡਾਰ ਭਰੇ॥੪॥*
*ਪ੍ਰੇਮ ਭਗਤਿ ਪਰਵਾਹ ਪ੍ਰੀਤਿ ਪੁਬਲੀ ਨ ਹੁਟਇ॥*
*ਸਤਿਗੁਰ ਸਬਦੁ ਅਥਾਹੁ ਅਮਿਅ ਧਾਰਾ ਰਸੁ ਗੁਟਇ ॥੮॥ (ਕਲਸਹਾਰ, ੧੩੯੬-੯੭)*

---

## *(ਪੰਨਾ 30 ਦੀ ਬਾਕੀ)*

ਅਸੀਂ ਜਿਉਂਦੇ ਹੀ ਮਰ ਕੇ ਸਤਿਗੁਰੂ ਦੇ ਘਰ ਨਵਾਂ ਜਨਮ ਲੈ ਲੈਂਦੇ ਹਾਂ ਅਤੇ 'ਮਰਜੀਵੜੇ' ਸਦਵਾਉਣ ਲੱਗ ਪੈਂਦੇ ਹਾਂ। ਸਾਡੇ ਪਿਛਲੇ ਜ਼ਾਤ ਗੋਤ ਸਭ ਖਤਮ ਹੋ ਜਾਂਦੇ ਹਨ ਅਤੇ ਅਸੀਂ ਸਤਿਗੁਰੂ ਦੀ ਖ਼ਾਲਸਾ ਫੌਜ ਵਿੱਚ ਭਰਤੀ ਹੋ ਜਾਂਦੇ ਹਾਂ। ਅਸੀਂ ਸਤਿਗੁਰੂ ਨੂੰ ਸਿਰ ਵੇਚ ਕੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਦੇ ਹਾਂ ਅਤੇ ਅੰਮ੍ਰਿਤ ਛਕਣ ਕਾਰਨ ਸਤਿਗੁਰੂ ਦੇ ਬੈਖਰੀਦ ਲਾਲੇ ਗੋਲੇ ਬਣ ਜਾਂਦੇ ਹਾਂ। ਸਤਿਗੁਰੂ ਦੇ ਹੁਕਮਾਂ ਤੋਂ ਵਧਕੇ ਸਾਡੇ ਵਾਸਤੇ ਕੋਈ ਹੋਰ ਚੀਜ਼ ਨਹੀਂ। ਸਤਿਗੁਰੂ ਦੇ ਬਚਨ' (ਗੁਰਬਾਣੀ) ਸਾਡੇ ਲਈ ਰੱਬੀ ਹੁਕਮ ਹਨ। ਇਨ੍ਹਾਂ ਨੂੰ ਪੜ੍ਹਨਾ, ਸੁਨਣਾ, ਵਿਚਾਰਨਾ ਅਤੇ ਪੜ੍ਹ ਸੁਣਕੇ ਮਨ ਅੰਦਰ ਵਸਾਉਣਾ ਗੁਰ ਹੁਕਮਾਂ ਦੀ ਤਾਮੀਲ ਕਰਨੀ ਹੈ, ਜੋ ਸਾਡਾ ਪਹਿਲਾਂ ਫਰਜ਼ ਹੈ। ਅਸੀਂ ਗੁਰੂ ਦੇ ਬਚਨਾਂ ਤੋਂ ਕੁਰਬਾਨ ਹੋਣ ਵਾਲੇ ਭੌਰੇ ਹਾਂ। ਇਹੋ ਹੀ ਕਾਰਨ ਹੈ ਕਿ ਲੋਕੀਂ ਸਤਿਗੁਰੂ ਦੇ ਬਚਨਾਂ ਨੂੰ ਕਮਾਉਣ ਵਾਲੇ ਹੁਕਮੀ ਬੰਦਿਆਂ ਨੂੰ ਸਿਰਲੱਥ ਸੂਰਮੇ ਕਹਿੰਦੇ ਹਨ। ਕੋਈ ਸੂਰਮਾ ਹੀ ਪੂਰੇ ਗੁਰੂ ਦੇ ਹੁਕਮਾਂ ਨੂੰ ਕਮਾ ਸਕਦਾ ਹੈ ਜਿਸ ਨੇ ਆਪਣਾ ਸਿਰ, ਆਪਣੇ ਸਤਿਗੁਰੂ ਅੱਗੇ ਵੇਚਿਆ ਹੋਇਆ ਹੋਵੇ।

ਸਤਿਗੁਰੂ ਮਾਂ ਵਾਂਗ ਆਪਣੇ ਸਿੱਖਾਂ ਦੀ ਪ੍ਰਿਤਪਾਲਣਾ ਕਰਦਾ ਹੈ। ਉਹ ਆਪਣੇ 'ਸਿੱਖ' ਪੁੱਤਰਾਂ ਦੀ ਆਪ ਰਖਵਾਲੀ ਕਰਦਾ ਹੈ। ਦੁਖ ਸੁਖ, ਭੁੱਖ ਭੀੜ ਵੇਲੇ ਸਹਾਇਤਾ ਕਰਦਾ ਹੈ, ਜ਼ਰੂਰ ਕਰਦਾ ਹੈ। ਪਰ ਰਖਵਾਲੀ ਉਸਦੀ ਕਰਦਾ ਹੈ ਜੋ ਉਸਦਾ ਬਣ ਕੇ ਰਹੇ, ਜੋ ਉਸਦੇ ਹੁਕਮਾਂ ਦੀ ਪਾਲਣਾ ਕਰੇ, ਜੋ ਉਸਦੀ 'ਰਹਿਤ' ਵਿੱਚ ਰਹੇ। ਸਤਿਗੁਰੂ ਜੀ ਤਾਂ ਰਹਿਤ ਵਿੱਚ ਰਹਿਣ ਵਾਲੇ ਸਿੱਖ ਨੂੰ 'ਸਾਹਿਬ' ਸਮਝਦੇ ਹਨ। ਉਹ ਤਾਂ ਰਹਿਤਵਾਨ ਸਿੱਖਾਂ ਦੇ ਚਰਨਾਂ ਦੀ ਧੂੜੀ ਲੋਚਦੇ ਹਨ, ਨਾਮ ਸਿਮਰਨ ਕਰਨ ਵਾਲੇ ਸੰਤ ਸਿਪਾਹੀਆਂ ਦੀ।

ਪਿਆਰਿਓ! ਸਤਿਗੁਰੂ ਜੀ ਆਪਣੇ ਸਿੱਖਾਂ ਦੀ ਰੱਖਿਆ ਕਰਦੇ ਹਨ ਅਤੇ ਅਵੱਸ਼ ਕਰਦੇ ਹਨ। ਸਤਿਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ ਹੈ -

*ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ॥*
*ਸੇਵਕ ਕਉ ਗੁਰੁ ਸਦਾ ਦਇਆਲ॥*
*ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ॥*
*ਗੁਰ ਬਚਨੀ ਹਰਿ ਨਾਮੁ ਉਚਰੈ॥*
*ਸਤਿਗੁਰੁ ਸਿਖ ਕੇ ਬੰਧਨ ਕਾਟੈ॥*
*ਗੁਰ ਕਾ ਸਿਖ ਬਿਕਾਰ ਤੇ ਹਾਟੈ॥*
*ਸਤਿਗੁਰੁ ਸਿਖ ਕਉ ਨਾਮ ਧਨੁ ਦੇਇ॥*
*ਗਰ ਕਾ ਸਿਖੁ ਵਡਭਾਗੀ ਹੇ॥*
*ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ॥*
*ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ॥*
*ਅੰਗ - ੫*

ਪਰ ਸਤਿਗੁਰੂ ਜੀ ਉਸਦੀ ਪ੍ਰਤਿਪਾਲਣਾ ਕਰਦੇ ਹਨ ਜੋ ਉਨ੍ਹਾਂ ਦੇ ਲੜ ਲੱਗਾ ਹੋਇਆ ਹੋਵੇ। ਜਿਸਨੇ ਤਨ, ਮਨ ਅਤੇ ਧਨ ਸਤਿਗੁਰੂ ਦੇ ਹਵਾਲੇ ਕਰਕੇ ਉਸ ਦੇ ਹੁਕਮਾਂ ਦੀ ਤਾਮੀਲ ਕਰਨ ਦੀ ਪ੍ਰਤੱਗਿਆ ਕੀਤੀ ਹੋਈ ਹੋਵੇ, ਜੋ ਸਤਿਗੁਰੂ ਦਾ ਹੁਕਮੀ ਬੰਦਾ ਹੋਵੇ, ਹਾਂ ਜੀ! ਜੇ ਸਚਿਆਰ ਸਿੱਖ ਹੋਵੇ।

ਪਿਆਰਿਓ! ਜੇ ਤੁਸੀਂ ਹਾਲੇ ਤੀਕ ਅੰਮ੍ਰਿਤ ਨਹੀਂ ਛਕਿਆ, ਜੇ ਅੰਮ੍ਰਿਤ ਛਕ ਕੇ ਕੋਈ ਕੁਰਹਿਤ ਕਰ ਬੈਠੇ ਹੋ ਅਤੇ ਪਤਿਤ ਹੋ ਚੁੱਕੇ ਹੋ ਤਾਂ ਢਿੱਲ ਨਾ ਲਾਓ। ਇਕ ਦਮ ਗੁਰੂ ਦਰਬਾਰ ਪੰਜਾਂ ਪਿਆਰਿਆਂ ਅੱਗੇ ਪੇਸ਼ ਹੋ ਕੇ ਆਪਣੀਆਂ ਭੁੱਲਾਂ ਦੀ ਮਾਫੀ ਮੰਗੋ ਅਤੇ ਅੱਗੋਂ ਤੋਂ ਗੁਰੂ ਦੇ ਹੁਕਮਾਂ ਅੰਦਰ ਚਲਣ ਲਈ ਮੁੜ ਪ੍ਰਤੱਗਿਆ ਕਰੋ। ਸਤਿਗੁਰੂ ਤੋਂ ਬੇਮੁੱਖ ਹੋਇਆਂ ਲਈ ਗੁਰਬਾਣੀ ਇਉਂ ਸੰਕੇਤ ਦਿੰਦੀ ਹੈ -

*ਸਤਿਗੁਰ ਤੇ ਜੋ ਮੁਹ ਫੇਰਹਿ ਮਥੇ ਤਿਨ ਕਾਲੇ॥*
*ਅਨਦਿਨੁ ਦੁਖ ਕਮਾਵਦੇ ਨਿਤ ਜੋਹੇ ਜਮ ਜਾਲੇ।*
*ਸੁਪਨੈ ਸੁਖੁ ਨ ਦੇਖਨੀ ਬਹੁ ਚਿੰਤਾ ਪਰਜਾਲੇ॥੩॥*
*ਅੰਗ - ੩●*

## ਸਾਲਾਨਾ ਅਖੰਡ ਕੀਰਤਨ ਸਮਾਗਮ ਮਿਤੀ 26 ਅਕਤੂਬਰ ਤੋਂ 31 ਅਕਤੂਬਰ ਤੱਕ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ

ਸਾਹਿਬ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਾਲਾਨਾ ਅਖੰਡ ਕੀਰਤਨ ਸਮਾਗਮ ਮਿਤੀ 26 ਅਕਤੂਬਰ ਤੋਂ 31 ਅਕਤੂਬਰ ਸਵੇਰ ਤੱਕ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੋ ਰਹੇ ਹਨ। ਸਮੂਹ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ ਜੀ ਕਿ ਸਮਾਗਮ ਵਿੱਚ ਹੁਮ-ਹੁਮਾ ਕੇ ਪਹੁੰਚ ਕੇ ਅਸੀਸਾਂ ਬਖਸ਼ਨ ਦੀ ਕਿਰਪਾਲਤਾ ਕਰਨੀ ਜੀ। ਸਮਾਗਮਾਂ ਦਾ ਵੇਰਵਾ ਇਸ ਪ੍ਰਕਾਰ ਹੈ ਜੀ -

28.10.23 - ਨਗਰ ਕੀਰਤਨ 12 ਵਜੇ ਤੋਂ
28.10.23 - ਮਾਸਿਕ ਰੈਣ ਸਬਾਈ ਕੀਰਤਨ, ਰੰਗਲੇ ਸੱਜਣ ਟੱਰਸਟ ਚੌਂਕ ਬਾਬਾ ਸਾਹਿਬ ਵਿਖੇ
29.10.23 - ਦਿਵਸ ਸੋਹਿਲਾ ਕੀਰਤਨ ਭਾਈ ਸੁਰਿੰਦਰ ਸਿੰਘ ਬਰੇਲੀ ਦੇ ਗ੍ਰਿਹ ਵਿਖੇ
29.10.23 - ਸ਼ਾਮ 6 ਵਜੇ ਤੋਂ 9.30 ਵਜੇ ਤਕ ਕੀਰਤਨ ਸਮਾਗਮ ਗੁ. ਰਾਮਸਰ ਸਾਹਿਬ ਵਿਖੇ
30.10.23 - ਦਿਸਵ ਸੁਹੇਲਾ ਕੀਰਤਨ ਅਕਾਲ ਤਖਤ ਸਾਹਿਬ ਬੇਸਮੇਂਟ ਵਿਖੇ
30.10.23 - ਰੈਣ ਸਬਾਈ ਕੀਰਤਨ ਅਕਾਲ ਤਖਤ ਸਾਹਿਬ ਵਿਖੇ

**ਦਾਸਰੇ : ਅਖੰਡ ਕੀਰਤਨੀ ਜੱਥਾ, ਸ੍ਰੀ ਅੰਮ੍ਰਿਤਸਰ ਸਾਹਿਬ**

# ਸਹਾਇਤਾ ਆਤਮ ਰੰਗ ਸਤੰਬਰ 2023 ਦੇ ਮਹੀਨੇ ਦੀ

| | |
|---|---|
| ◆ ਗੁਰਪੁਰਵਾਸੀ ਭਾਈ ਸਤਨਾਮ ਸਿੰਘ, ਚੀਫ ਐਡੀਟਰ, ਆਤਮ ਰੰਗ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ, (ਰਜਿ.), ਚੰਡੀਗੜ੍ਹ ਜੀ ਦੀ ਮਿੱਠੀ ਤੇ ਪਿਆਰੀ ਤੇ ਮਿੱਠੀ ਯਾਦ ਵਿੱਚ ਉਨ੍ਹਾਂ ਜੀ ਦੇ ਪਰਿਵਾਰ ਵੱਲੋਂ | 10,000.00 |
| ◆ ਗੁਰਪੁਰਵਾਸੀ ਬੀਬੀ ਕੁਲਵੰਤ ਕੌਰ, ਸਿੰਘਣੀ ਗੁਰਪੁਰਵਾਸੀ ਭਾਈ ਸਾਹਿਬ ਭਾਈ ਸਤਨਾਮ ਸਿੰਘ ਜੀ ਚੀਫ ਐਡੀਟਰ, ਆਤਮ ਰੰਗ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ, (ਰਜਿ.), ਚੰਡੀਗੜ੍ਹ, ਜੀ ਦੀ ਮਿੱਠੀ ਤੇ ਪਿਆਰੀ ਤੇ ਮਿੱਠੀ ਯਾਦ ਵਿੱਚ ਉਨ੍ਹਾਂ ਜੀ ਦੇ ਪਰਿਵਾਰ ਵੱਲੋਂ | 10,000.00 |
| ◆ ਭਾਈ ਦਵਿੰਦਰ ਸਿੰਘ ਜੀ, ਡੀ.ਐਸ.ਪੀ. ਤੇ ਭਾਈ ਨਿਰਮਲਜੀਤ ਸਿੰਘ ਜੀ, ਜੀਰਕਪੁਰ | 5,000.00 |
| ◆ ਬੀ.ਆਰ. ਟੇਲਰਜ਼, ਚੰਡੀਗੜ੍ਹ | 5,000.00 |
| ◆ ਬੀਬੀ ਬਲਬੀਰ ਕੌਰ ਜੀ, ਫਰੀਦਾਬਾਦ | 21,000.00 |
| ◆ ਗੁਪਤ ਸੇਵਾ, ਚੰਡੀਗੜ੍ਹ | 20,000.00 |
| ◆ ਭਾਈ ਸਾਹਿਬ ਸਿੰਘ ਜੀ, ਚੰਡੀਗੜ੍ਹ | 2,100.00 |
| **ਕੁਲ ਜੋੜ** | **73,100.00** |

## Statement of Income & Expenditure for the Month of Sept., 2023 of *Atam Rang*

| | |
|---|---|
| 1. M/s Jai Offset Printers | 32,000.00 |
| 2. Cost of Service Stamps | 12,600.00 |
| 3. Cost of envelops & Printing | 12,200.00 |
| 4. Cost of Sticker & Printing | 4,000.00 |
| 5. Previous balance | 83,711.00 |
| **Total Expenditure upto 30.09.2023** | **1,44,511.00** |
| Donation | 73,100.00 |
| Membership | – |
| **Total Income** | **73,100.00** |
| **Expenditure** | **1,44,511.00** |
| **Income** | **73,100.00** |
| **Difference** | **(-) 71,411.00** |

## ਗੁਰਪੁਰਬ ਤੇ ਦਿਨ ਦਿਹਾਰ

| | |
|---|---|
| ਸੰਗਰਾਂਦ | 17 ਅਕਤੂਬਰ |
| ਪੂਰਨਮਾਸ਼ੀ | 28 ਅਕਤੂਬਰ |
| ਮੱਸਿਆ | 14 ਅਕਤੂਬਰ |
| ਪੰਚਮੀ | 19 ਅਕਤੂਬਰ |
| **ਗੁਰਪੁਰਬ** | |
| ਗੁਰਗੱਦੀ ਸ੍ਰੀ ਗੁਰੂ ਅੰਗਦ ਦੇਵ ਜੀ | 3 ਅਕਤੂਬਰ |
| ਜੋਤੀ ਜੋਤਿ ਸ੍ਰੀ ਗੁਰੂ ਨਾਨਕ ਦੇਵ ਜੀ | 9 ਅਕਤੂਬਰ |
| ਪ੍ਰਕਾਸ ਸ੍ਰੀ ਗੁਰੂ ਰਾਮਦਾਸ ਜੀ | 30 ਅਕਤੂਬਰ |

## ਸੰਗਤਾਂ ਨੋਟ ਕਰਨ ਜੀ

ਆਤਮ ਰੰਗ ਦੇ ਪ੍ਰਬੰਧਕਾਂ ਵਲੋਂ ਬੜੇ ਪਿਆਰ ਸਹਿਤ ਬੇਨਤੀ ਹੈ ਕਿ ਜਿਸਨੇ ਵੀ ਅਪਣੇ ਲੇਖ ਜਾਂ ਸਮਾਗਮ ਬਾਰੇ ਇਸ਼ਤਿਹਾਰ ਭੇਜਣੇ ਹਨ ਉਹ 12 ਤਰੀਕ ਤਕ ਆਤਮ ਰੰਗ ਦੀ ਮੇਲ atamrang3@gmail.com ਜਾਂ whatsapp No. 98143-00245 ਤੇ ਭੇਜਣ ਦੀ ਕ੍ਰਿਪਾਲਤਾ ਕਰੋ ਜੀ। ਖ਼ਾਸ ਕਰਕੇ ਲੇਖਕਾਂ ਨੂੰ ਬੇਨਤੀ ਹੈ ਕਿ ਉਹ ਅਪਣੇ ਲੇਖ ਭੇਜ ਕੇ ਸਹਿਯੋਗ ਦਿੰਦੇ ਰਹਿਣ।

## ਸੰਗਤਾਂ ਪ੍ਰਤੀ ਜ਼ਰੂਰੀ ਬੇਨਤੀ

**ਆਤਮ ਰੰਗ ਮੈਗਜ਼ੀਨ ਦੀ ਸਹਾਇਤਾ ਭੇਜਣ ਲਈ ਥੱਲੇ ਦਿੱਤੇ ਅਕਾਊਂਟ ਨੰਬਰ/ਬੈਂਕ ਦੇ ਵੇਰਵੇ ਦਾ ਖਾਸ ਧਿਆਨ ਰਖਿਆ ਜਾਵੇ ਜੀ**

ਸੰਗਤਾਂ ਪ੍ਰਤੀ ਬੇਨਤੀ ਹੈ ਕਿ ਆਤਮ ਰੰਗ ਮੈਗਜ਼ੀਨ ਜੋ ਕਿ 1999 ਦੀ ਵਿਸਾਖੀ ਤੋਂ ਨਿਰੰਤਰ ਸੰਗਤਾਂ ਦੇ ਪਾਵਨ ਹੱਥਾਂ ਵਿਚ ਅੱਜ ਤੱਕ ਪਹੁੰਚ ਰਿਹਾ ਹੈ। ਇਸ ਮੈਗਜ਼ੀਨ ਦੀ ਆਪਣੀ ਹੀ ਦੇਣ ਹੈ। ਇਸ ਵਿਚ ਵੱਡੇ-ਵੱਡੇ ਵਿਦਵਾਨਾਂ, ਗੁਣੀ ਗਿਆਨੀਆਂ, ਤਜਰਬੇਕਾਰ ਲਿਖਾਰੀਆਂ ਅਤੇ ਗੁਰਮਤਿ ਦੇ ਖੋਜੀਆਂ ਦੀਆਂ ਰਚਨਾਵਾਂ ਦਿੱਤੀਆਂ ਜਾਂਦੀਆਂ ਹਨ ਤੇ ਇਸ ਦੇ ਨਾਲ-ਨਾਲ ਜੱਥੇ ਦੇ ਸਾਰੇ ਪ੍ਰੋਗਰਾਮ ਅਤੇ ਜੱਥੇ ਦੀਆਂ ਗਤੀਵਿਧੀਆਂ ਬਾਰੇ ਸੰਗਤਾਂ ਨੂੰ ਗਾਹੇ-ਬਗਾਹੇ ਜਾਣੂ ਕਰਵਾਇਆ ਜਾਂਦਾ ਹੈ। ਇਹ ਮੈਗਜ਼ੀਨ ਇੰਨਾ ਹਰਮਨ ਪਿਆਰਾ ਹੋ ਗਿਆ ਹੈ ਕਿ ਇਸ ਦੀ ਡਿਮਾਂਡ ਦਿਨੋਂ ਦਿਨ ਵੱਧ ਰਹੀ ਹੈ। ਇਸ ਲਈ ਸੰਗਤਾਂ ਪ੍ਰਤੀ ਪਿਆਰ ਸਹਿਤ ਬੇਨਤੀ ਹੈ ਕਿ ਇਸ ਦੀ ਚੜ੍ਹਦੀ ਕਲਾ ਲਈ ਆਪਣੇ ਦਸਵੰਧ ਨੂੰ ਸਫਲਾ ਕਰਦੇ ਹੋਏ ਇਸ ਦੀ ਮਾਇਕ ਤੌਰ 'ਤੇ ਸਹਾਇਤਾ ਕੀਤੀ ਜਾਵੇ। ਕ੍ਰਿਪਾ ਕਰਕੇ ਆਤਮ ਰੰਗ ਅਕਾਊਂਟ ਨੰਬਰ 33008094850, IFS Code: SBIN0006597 ਸਟੇਟ ਬੈਂਕ ਆਫ਼ ਇੰਡੀਆ, ਸੈਕਟਰ-37, ਚੰਡੀਗੜ੍ਹ ਦੀ ਬ੍ਰਾਂਚ ਵਾਸਤੇ ਮਾਇਆ ਭੇਜੀ ਜਾਵੇ ਜੀ। ਆਪ ਜੀ ਦੇ ਇਸ ਸਹਿਯੋਗ ਲਈ 'ਆਤਮ ਰੰਗ' ਦੇ ਪ੍ਰਬੰਧਕ ਅਤਿ ਰਿਣੀ, ਧੰਨਵਾਦੀ ਤੇ ਸ਼ੁਕਰ ਗੁਜ਼ਾਰ ਹੋਣਗੇ ਜੀ।

**ਆਪ ਦਾ ਨਿਮਾਣਾ ਜਿਹਾ ਸਿੱਖ**

**ਮਨਪ੍ਰੀਤ ਸਿੰਘ, ਚੀਫ ਐਡੀਟਰ, ਆਤਮ ਰੰਗ**

**ਮੋਬਾਇਲ : 98143-00245**

## ਜ਼ਰੂਰੀ ਬੇਨਤੀ ਪਾਠਕਾਂ ਲਈ

ਪਾਠਕਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਜਿਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ 15 ਤਰੀਕ ਤੱਕ ਨਹੀਂ ਮਿਲਦਾ, ਉਸ ਤੋਂ ਬਾਅਦ ਉਹ ਪਾਠਕ ਬਿਨੈ-ਪੱਤਰ ਨਾਲ ਆਪਣਾ ਪੂਰਾ ਚਿੱਟ ਨੰਬਰ, ਪਤਾ ਤੇ ਮੋਬਾਇਲ ਨੰਬਰ ਦੇਣ/ਦੱਸਣ ਤਾਂ ਕਿ ਉਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਸੰਪਰਕ ਕਰਨ ਲਈ ਮੋਬਾਇਲ ਨੰਬਰ 98143-00245 ਤੇ ਸਵੇਰੇ 10.00 ਵਜੇ ਤੋਂ ਲੈ ਕੇ ਸ਼ਾਮ 6.00 ਵਜੇ ਤਕ ਸੰਪਰਕ ਕੀਤਾ ਜਾ ਸਕਦਾ ਹੈ ਤਾਂ ਕਿ ਪਾਠਕਾਂ ਨੂੰ ਦੁਬਾਰਾ ਰਸਾਲਾ ਭੇਜਿਆ ਜਾ ਸਕੇ।

**ਦਾਸਰੇ : ਚੀਫ ਐਡੀਟਰ, ਆਤਮ ਰੰਗ। ਮੋਬਾਇਲ : 98143-00245**

## ਸੰਗਤਾਂ ਨੋਟ ਕਰਨ ਜੀ

ਸੰਗਤਾਂ ਪ੍ਰਤੀ ਬੜੇ ਪਿਆਰ ਤੇ ਨਿਮਰਤਾ ਸਹਿਤ ਬੇਨਤੀ ਹੈ ਕਿ ਜੋ ਵੀ ਸੱਜਣ ਆਤਮ ਰੰਗ ਲਈ ਮਾਇਕ ਸਹਾਇਤਾ, ਬੈਂਕ ਵਿੱਚ ਭੇਜਦਾ ਹੈ, ਉਹ ਕ੍ਰਿਪਾ ਕਰਕੇ ਇਸਦੀ ਜਾਣਕਾਰੀ ਮੋਬਾਈਲ ਨੰਬਰ 98143 00245 ਤੇ ਫੋਨ ਕਰਕੇ ਜਾਂ ਇਸ ਨੰਬਰ ਤੇ ਵਟਸਐਪ ਕਰਕੇ, ਦੇਣ ਦੀ ਕ੍ਰਿਪਾਲਤਾ ਕਰੇ ਜੀ।

*– ਮੁੱਖ ਸੰਪਾਦਕ*

# ਪਿੰਡ ਦਿਆਲਪੁਰ ਵਿਖੇ

## ਸਾਲਾਨਾ

# ਅਖੰਡ ਕੀਰਤਨ ਸਮਾਗਮ

**ਮਿਤੀ 2 ਨਵੰਬਰ, 2023 ਦਿਨ ਵੀਰਵਾਰ ਤੋਂ 5 ਨਵੰਬਰ ਦਿਨ ਐਤਵਾਰ ਤੱਕ**



ਪਰਮ ਸਤਿਕਾਰਯੋਗ ਗੁਰੂ ਰੂਪ ਸਾਧ ਸੰਗਤ ਜੀਓ,

ਆਪ ਸਭ ਸੰਗਤਾਂ ਦੇ ਸਹਿਯੋਗ ਅਤੇ ਨਿੱਘੇ ਪਿਆਰ ਸਦਕਾ ਪਿਛਲੇ 51 ਸਾਲਾਂ ਤੋਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਣ ਬਾਣੀ ਦੇ ਕੀਰਤਨ ਪ੍ਰਵਾਹ ਚਲਦੇ ਰਹੇ ਅਤੇ ਅੱਠ ਵਾਰੀ ਕੀਰਤਨ ਰਾਹੀਂ ਭੋਗ ਪਾਏ ਗਏ ਹਨ ਅਤੇ ਇਕ ਵਾਰੀ ਭਾਈ ਸਾਹਿਬ ਭਾਈ ਗੁਰਦਾਸ ਜੀ ਦੀਆਂ ਵਾਰਾਂ ਦੇ ਵੀ ਭੋਗ ਪਾਏ ਗਏ ਹਨ। ਜਿਸ ਦੀ ਖੁਸ਼ੀ ਵਿੱਚ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਕੀਰਤਨ ਸਮਾਗਮ ਹੋ ਰਹੇ ਹਨ। ਜਿਸ ਵਿੱਚ ਦੇਸ਼ਾਂ-ਵਿਦੇਸ਼ਾਂ ਤੋਂ ਅਖੰਡ ਕੀਰਤਨੀ ਜਥੇ ਹਾਜ਼ਰੀ ਭਰਨਗੇ। ਸੋ ਆਪ ਜੀ ਦੇ ਚਰਨਾਂ ਵਿੱਚ ਸਨਿਮਰ ਬੇਨਤੀ ਹੈ ਕਿ ਆਪ ਜੀ ਆਏ ਦੀਦਾਰੇ ਬਖਸ਼ੋ ਜੀ।

### ਕੀਰਤਨ ਪ੍ਰੋਗਰਾਮ

**ਸੋਦਰੁ ਦੀ ਚੌਂਕੀ ਉਪਰੰਤ ਕੀਰਤਨ ਰੋਜ਼ਾਨਾ ਸ਼ਾਮ 7.00 ਤੋਂ 9.30 ਵਜੇ ਤੱਕ**

31 ਅਕਤੂਬਰ ਮੰਗਲਵਾਰ ਨੂੰ ਗੁਰਦੁਆਰਾ ਥੰਮ੍ਹ ਜੀ ਸਾਹਿਬ ਪਾ: ਪੰਜਵੀਂ, ਕਰਤਾਰਪੁਰ।
2 ਨਵੰਬਰ ਵੀਰਵਾਰ ਨੂੰ ਭਾਈ ਦਰਸ਼ਨ ਸਿੰਘ ਜੀ ਦੇ ਗ੍ਰਹਿ, ਪਿੰਡ ਟਾਹਲੀ ਸਾਹਿਬ।
3 ਨਵੰਬਰ ਸ਼ੁਕਰਵਾਰ ਨੂੰ ਗੁਰਦੁਆਰਾ ਸਾਹਿਬ, ਦਿਆਲਪੁਰ।

LIVE ON AKJ.Org Live

4 ਨਵੰਬਰ 2023 ਦਿਨ ਸ਼ਨੀਵਾਰ ਸਵੇਰ ਨੂੰ ਗੁਰਦੁਆਰਾ ਸਾਹਿਬ ਪਿੰਡ ਦਿਆਲਪੁਰ ਵਿਖੇ
ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ 6.00 ਵਜੇ ਸਵੇਰੇ ਉਪਰੰਤ ਕੀਰਤਨ ਆਸਾ ਦੀ ਵਾਰ ਦੁਪਿ: ਤੱਕ

**ਰੈਣਿ ਸਬਾਈ ਕੀਰਤਨ ਮਿਤੀ 4 ਨਵੰਬਰ 2023 ਦਿਨ ਸ਼ਨੀਵਾਰ ਨੂੰ**

**ਸ਼ਾਮ ਨੂੰ ਸੋਦਰੁ ਰਹਿਰਾਸ ਦੇ ਪਾਠ ਉਪਰੰਤ ਕੀਰਤਨ ਆਰੰਭ ਹੋਣਗੇ**
**ਜਿਸ ਦੀ ਸਮਾਪਤੀ 5 ਨਵੰਬਰ 2023 ਦਿਨ ਐਤਵਾਰ ਨੂੰ ਸਵੇਰੇ 5.00 ਵਜੇ ਹੋਵੇਗੀ।**

Noor Printers 99882-99775

ਅੰਮ੍ਰਿਤ ਸੰਚਾਰ : ਮਿਤੀ 4 ਨਵੰਬਰ ਦਿਨ ਸ਼ਨੀਵਾਰ ਨੂੰ ਸ਼ਾਮ 7.00 ਵਜੇ ਹੋਵੇਗਾ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
ਫੋਨ : 99888-02622, 98143-12950, 98150-81102, 99152-17632, 89682-97779, 98143-00245, 93162-22531

ਵਲੋਂ : ਅਖੰਡ ਕੀਰਤਨੀ ਜੱਥਾ ਸਮੂਹ ਸੰਗਤ ਦਿਆਲਪੁਰ ਕਰਤਾਰਪੁਰ, ਜਲੰਧਰ ਅਤੇ ਬਾਬਾ ਬਕਾਲਾ ਸਾਹਿਬ / ਦਾਸਰੇ : ਮਾਸਟਰ ਗੁਰਬਚਨ ਸਿੰਘ ਦਿਆਲਪੁਰ, ਭਾਈ ਕੁਲਵੰਤ ਸਿੰਘ 'ਕਾਕੀ ਪਿੰਡ'

# ਆਗਮਨ ਪੁਰਬ

## ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ

## ਮਿਤੀ 25 ਨਵੰਬਰ ਤੋਂ 28 ਨਵੰਬਰ 2023

### ਲਾਇਲਪੁਰ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ, ਨਕੋਦਰ ਰੋਡ, ਜਲੰਧਰ

**ਅਕਾਲ ਪੁਰਖ ਵਾਹਿਗੁਰੂ ਜੀ ਦੀ ਵਰੋਸਾਈ ਪ੍ਰਤੱਖ ਨਿਰੰਕਾਰੀ ਜੋਤ, ਸ਼ਬਦ ਸਵਰੂਪ**
ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਸੰਬੰਧੀ ਆਦਿ ਜੁਗਾਦੀ ਨਾਮ ਬਾਣੀ ਦੀਆਂ ਅਸੀਸਾਂ ਪ੍ਰਾਪਤ ਕਰਨ ਲਈ ਆਇ ਦੀਦਾਰ ਬਖਸ਼ੋ ਜੀ।

**ਸਵੇਰ**

**ਮਿਤੀ 25 ਨਵੰਬਰ 2023 ਦਿਨ ਸ਼ਨੀਵਾਰ**

ਅੰਮ੍ਰਿਤ ਵੇਲਾ ਸਮਾਗਮ 12:00 ਤੋਂ 2:30 ਵਜੇ ਤੱਕ
ਕੀਰਤਨ ਆਸਾ ਦੀ ਵਾਰ 2:30 ਤੋਂ 5:00 ਉਪਰੰਤ ਅਰੰਭ
ਸ੍ਰੀ ਅਖੰਡ ਪਾਠ ਸਾਹਿਬ, ਲਾਇਲਪੁਰ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ

**ਸ਼ਾਮ**

**ਮਿਤੀ 25 ਨਵੰਬਰ 2023 ਦਿਨ ਸ਼ਨੀਵਾਰ**

ਕੀਰਤਨ 6:30 ਤੋਂ 9:30 ਵਜੇ ਤੱਕ
ਲਾਇਲਪੁਰ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ

**ਸਵੇਰ**

**ਮਿਤੀ 26 ਨਵੰਬਰ 2023 ਦਿਨ ਐਤਵਾਰ**

ਕੀਰਤਨ ਆਸਾ ਦੀ ਵਾਰ 7:00 ਤੋਂ 12:00 ਵਜੇ ਤੱਕ
ਲਾਇਲਪੁਰ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ

**ਸ਼ਾਮ**

**ਮਿਤੀ 26 ਨਵੰਬਰ 2023 ਦਿਨ ਐਤਵਾਰ**

ਕੀਰਤਨ 6:30 ਤੋਂ 9:30 ਵਜੇ ਤੱਕ
ਲਾਇਲਪੁਰ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ

**ਸਵੇਰ**

**ਮਿਤੀ 27 ਨਵੰਬਰ 2023 ਦਿਨ ਸੋਮਵਾਰ**

ਅੰਮ੍ਰਿਤ ਵੇਲਾ ਸਮਾਗਮ 12:00 ਤੋਂ 4:00 ਵਜੇ ਤੱਕ
ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ ਸਵੇਰੇ 5:00 ਵਜੇ
ਉਪਰੰਤ ਕੀਰਤਨ ਸ੍ਰੀ ਆਸਾ ਦੀ ਵਾਰ ਦੁਪਹਿਰ ਤੱਕ
ਲਾਇਲਪੁਰ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ

**ਸ਼ਾਮ**

**ਮਿਤੀ 27 ਨਵੰਬਰ 2023 ਦਿਨ ਸੋਮਵਾਰ**

ਸੋ ਦਰੁ ਦੀ ਚੌਂਕੀ ਉਪਰੰਤ ਅਰੰਭ ਕੀਰਤਨ ਰੈਣਿ ਸਬਾਈ
ਲਾਇਲਪੁਰ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ
ਸਮਾਪਤੀ 28 ਨਵੰਬਰ 2023 ਸਵੇਰੇ 5 ਵਜੇ ਤੱਕ

**ਅੰਮ੍ਰਿਤ ਸੰਚਾਰ** ਮਿਤੀ 27 ਨਵੰਬਰ ਦਿਨ ਸੋਮਵਾਰ ਸ਼ਾਮ ਨੂੰ 7.00 ਵਜੇ ਹੋਵੇਗਾ।

*ਸਰਬੱਤ ਸੰਗਤਾਂ ਨੂੰ ਬੇਨਤੀ ਹੈ ਕਿ ਸ੍ਰੀ ਅਖੰਡ ਪਾਠ ਸਾਹਿਬ ਅਤੇ ਕੀਰਤਨ ਸਮਾਗਮਾਂ ਦਾ ਵੱਧ ਤੋਂ ਵੱਧ ਲਾਹਾ ਲੈ ਕੇ ਆਪਣਾ ਜੀਵਨ ਸਫਲ ਕਰੀਏ ਜੀ।*

ਮਿਤੀ 27 ਨਵੰਬਰ ਨੂੰ ਦਿਵਸ ਸੁਹੇਲਾ ਅਤੇ ਰੈਣਿ ਸਬਾਈ ਦਾ ਸਿੱਧਾ ਪ੍ਰਸਾਰਣ ***www.akj.org*** ਤੇ ਕੀਤਾ ਜਾਵੇਗਾ।

**ਨੋਟ** ਲੰਗਰ ਅਤੇ ਰਿਹਾਇਸ਼ ਦਾ ਪ੍ਰਬੰਧ ਲਾਇਲਪੁਰ ਖ਼ਾਲਸਾ ਸੀ. ਸੈ. ਸਕੂਲ, ਨਕੋਦਰ ਰੋਡ, ਜਲੰਧਰ ਵਿਖੇ ਹੋਵੇਗਾ ਜੀ ਅਤੇ ਸੰਗਤਾਂ ਦੀ ਸੁਵਿਧਾ ਲਈ ਟ੍ਰਾਂਸਪੋਰਟ ਸੇਵਾ ਲਈ ਇਨ੍ਹਾਂ ਨੰਬਰਾਂ ਤੇ ਸਪੰਰਕ ਕਰੋ ਜੀ :- ਮੋ. 98159-64001, 93162,76101, 98140-70854

ਪ੍ਰਬੰਧਕੀ ਦਾਸਰੇ **ਅਖੰਡ ਕੀਰਤਨੀ ਜੱਥਾ, ਜਲੰਧਰ (ਰਜਿ.)**

ਸੰਪਰਕ ਲਈ ਫੋਨ ਨੰਬਰ

| ਭਾਈ ਕੁਲਵੰਤ ਸਿੰਘ | ਭਾਈ ਸੁਖਦੇਵ ਸਿੰਘ | ਭਾਈ ਬਲਜੀਤ ਸਿੰਘ | ਭਾਈ ਜਸਬੀਰ ਸਿੰਘ | ਭਾਈ ਮਨਪ੍ਰੀਤ ਸਿੰਘ | ਭਾਈ ਤਰਲੋਚਨ ਸਿੰਘ |
|---|---|---|---|---|---|
| 99150-00453 | 98140-54130 | 98159-64001 | 98722-11737 | 98140-70854 | 98554-99511 |

ਧੰਨ-ਧੰਨ ਸ਼੍ਰੀ ਗੁਰੂ ਰਾਮ ਦਾਸ ਜੀ ਦੇ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ

ਅਖੰਡ ਕੀਰਤਨੀ ਜੱਥਾ ਨਵਾਂਸ਼ਹਿਰ ਵਲੋਂ

ਸਲਾਨਾ ਰੈਣਿ ਸਬਾਈ ਕੀਰਤਨ ਅਤੇ ਅੰਮ੍ਰਿਤ ਸੰਚਾਰ ਸਮਾਗਮ

7 ਅਕਤੂਬਰ 2023 ਦਿਨ ਸ਼ਨੀਵਾਰ ਰਾਤ ਨੂੰ ਗੁਰ: ਸਿੰਘ ਸਭਾ ਨਵਾਂਸ਼ਹਿਰ ਵਿਖੇ ਰੈਣਿ ਸਬਾਈ ਕੀਰਤਨ ਹੋਣਗੇ।

ਦਿਵਸ ਸੁਹੇਲਾ ਸਮਾਗਮ: 7 ਅਕਤੂਬਰ ਦਿਨ ਸ਼ਨੀਵਾਰ 8 ਵਜੇ ਤੋਂ 2 ਵਜੇ ਤੱਕ ਗੁ: ਸਿੰਘ ਸਭਾ ਨਵਾਂਸ਼ਹਿਰ ਵਿਖੇ ਅਮ੍ਰਿਤ ਸੰਚਾਰ ਸਮਾਗਮ ਸਵੇਰੇ 10 ਵਜੇ ਆਰੰਭ ਹੋਣਗੇ



30 ਸਤੰਬਰ 2023 ਤੋਂ 6 ਅਕਤੂਬਰ ਤੱਕ ਰੋਜ਼ਾਨਾ ਸ਼ਾਮ 6 ਤੋਂ 9.30 ਵਜੇ ਤੱਕ ਅਖੰਡ ਕੀਰਤਨ ਸਮਾਗਮ

- 30 ਸਤੰਬਰ ਗੁਰਦੁਆਰਾ ਸਿੰਘ ਸਭਾ ਰਾਹੋਂ ਲਾਰੀਆਂ ਬੱਸ ਅੱਡਾ
- 1 ਅਕਤੂਬਰ ਗੁਰਦੁਆਰਾ ਸੰਗਤਪੁਰਾ, ਪੰਡੋਰਾ ਮੁਹੱਲਾ ਨਵਾਂਸ਼ਹਿਰ
- 2 ਅਕਤੂਬਰ ਗੁਰਦੁਆਰਾ ਬਾਬਾ ਦੀਪ ਸਿੰਘ ਜੀ ਰਾਹੋਂ ਰੋਡ ਨਵਾਂਸ਼ਹਿਰ
- 3 ਗੁਰਦੁਆਰਾ ਸ਼੍ਰੀ ਗੁਰੂ ਰਵੀਦਾਸ ਜੀ ਪਿੰਡ ਮੱਲਪੁਰ ਅੱੜਕਾਂ
- 4 ਅਕਤੂਬਰ ਗੁਰਦੁਆਰਾ ਪਾਤਸ਼ਾਹੀ ਛੇਵੀਂ ਪਿੰਡ ਦੁਰਗਾਪੁਰ
- 5 ਅਕਤੂਬਰ ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ ਨਵਾਂਸ਼ਹਿਰ
- 6 ਅਕਤੂਬਰ ਗੁਰਦੁਆਰਾ ਗੁਰੂ ਅੰਗਦ ਨਗਰ, ਚੰਡੀਗੜ੍ਹ ਰੋਡ ਨਵਾਂਸ਼ਹਿਰ

ਸਹਿਯੋਗੀ ਜੱਥੇਬੰਦੀਆਂ, ਸ਼੍ਰੀ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ, ਗੁਰੂ ਕੀ ਰਸੋਈ ਨਵਾਂਸ਼ਹਿਰ, ਮਾਤਾ ਗੁਜਰ ਕੌਰ ਸ਼੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਗੁਰਦੁਆਰਾ ਮੰਜੀ ਸਾਹਿਬ ਨਵਾਂਸ਼ਹਿਰ, ਮਾਤਾ ਸਾਹਿਬ ਕੌਰ ਜੀ ਸ਼੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਗੁਰਦੁਆਰਾ ਸਿੰਘ ਸਭਾ ਨਵਾਂਸ਼ਹਿਰ

ਵਲੋਂ : ਪ੍ਰਬੰਧਕ ਕਮੇਟੀ ਗੁਰ: ਸਿੰਘ ਸਭਾ ਨਵਾਂਸ਼ਹਿਰ, ਕਲਗੀਧਰ ਸੇਵਕ ਜਥਾ ਕਾਹਮਾ, ਅਖੰਡ ਕੀਰਤਨੀ ਜਥਾ ਨਵਾਂਸ਼ਹਿਰ, ਬੰਗਾ, ਫਗਵਾੜਾ, ਸ਼੍ਰੀ ਗੁਰੂ ਰਾਮ ਦਾਸ ਸੇਵਾ ਸੁਸਾਇਟੀ ਨਵਾਂਸ਼ਹਿਰ ਸਮੂਹ ਧਾਰਮਿਕ ਜੱਥੇਬੰਦੀਆਂ

ਸਮਾਗਮ ਦਾ ਲਾਈਵ ਪ੍ਰਸਾਰਣ akj.org ਅਤੇ akj.Punjab ਦੇ ਮਾਧਿਅਮ ਰਾਹੀਂ ਕੀਤਾ ਜਾਵੇਗਾ

J.S. KAHMA 94630-64005

ਸੰਪਰਕ : 94630-64005, 92561-13419, 98554-01864, 99884-36519, 98728-92544, 99887- 16000, 90416-17330, 82839-08975

ਨੋਟ: 22 ਸਤੰਬਰ ਦਿਨ ਸ਼ੁੱਕਰਵਾਰ ਸ਼ਾਮ 6 ਵਜੇ ਤੋਂ ਰਾਤ 9 ਵਜੇ ਤੱਕ ਗੁਰਦੁਆਰਾ ਸਿੰਘ ਸਭਾ ਕਾਹਮਾ ਵਿਖੇ ਅਖੰਡ ਕੀਰਤਨ ਸਮਾਗਮ ਹੋਣਗੇ।
9 ਦਸੰਬਰ ਦਿਨ ਸ਼ਨੀਵਾਰ ਨੂੰ ਗੁਰਦੁਆਰਾ ਚੰਰਨ ਕੰਵਲ ਸਾਹਿਬ ਬੰਗਾ ਵਿਖੇ ਰੈਣਿ ਸਬਾਈ ਕੀਰਤਨ ਹੋਣਗੇ।

## ਅਖੰਡ ਕੀਰਤਨ ਸਮਾਗਮ ਤਖਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ ਵਿਖੇ

ਧੰਨ-ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਅਖੰਡ ਕੀਰਤਨ ਸਮਾਗਮ ਮਿਤੀ 13 ਦਸੰਬਰ ਸਵੇਰ ਤੋਂ 17 ਦਸੰਬਰ 2023 ਦੁਪਹਿਰ ਤਕ ਹੋ ਰਹੇ ਹਨ। 16 ਦਸੰਬਰ 2023 ਸ਼ਾਮ ਨੂੰ ਰੈਣ ਸਬਾਈ ਅਤੇ ਅੰਮ੍ਰਿਤ ਸੰਚਾਰ ਕੀਰਤਨ ਹੋਣਗੇ। ਸੰਗਤਾਂ ਦਰਸ਼ਨ ਦਿਦਾਰੇ ਬਖਸ਼ਨ ਜੀ।

**ਦਾਸਰੇ : ਸਾਧ ਸੰਗਤ ਸ੍ਰੀ ਪਟਨਾ ਸਾਹਿਬ**

**ਮੋਬਾਇਲ : 7986979969 (ਅੰਮ੍ਰਿਤਸਰ), 9888553564 (ਲੁਧਿਆਣਾ), 9334033888, 9334242679 (ਪਟਨਾ ਸਾਹਿਬ)**



Akhand
Kirtani
Jatha
-- Khanna --
ਸੂਰਾਸੋਪਹਿਚਾਨੀਐਜੁਲਰੈਦੀਨਕੇਹੇਤ ॥ਪੁਰਜਾਪੁਰਜਾਕਟਿਮਰੈਕਬਹੂਨਛਾਡੈਖੇਤੁ ॥
ਸਲਾਨਾ ਅਖੰਡ ਕੀਰਤਨ ਸਮਾਗਮ ਖੰਨਾ
AKHAND KEERTAN SAMAGAM KHANNA
Come, O beloved Sikhs of the True Guru, and sing the True Word of His Bani.
13TH OCTOBER to 15TH OCTOBER 2023
13 ਅਕਤੂਬਰ 2023, ਸ਼ੁੱਕਰਵਾਰ
ਸ਼ਾਮ 6 : 00 ਵਜੇ ਤੋਂ 10 : 00 ਵਜੇ
ਗੁ: ਸ਼੍ਰੀ ਗੁਰੂ ਅਰਜਨ ਦੇਵ ਜੀ
ਨਿਊ ਮਾਡਲ ਟਾਊਨ, ਅਮਲੋਹ ਰੋਡ, ਖੰਨਾ
14 ਅਕਤੂਬਰ 2023, ਸ਼ਨਿੱਚਰਵਾਰ
ਸਵੇਰੇ 6 : 00 ਵਜੇ ਤੋਂ ਦੁਪਿ: 12 : 00 ਵਜੇ
ਭ. ਹਰਜੀਤ ਸਿੰਘ ਜੀ
ਦੇ ਗ੍ਰਹਿ ਵਿਖੇ ਨਿਊ ਮਾਡਲ ਟਾਊਨ, ਅਮਲੋਹ ਰੋਡ, ਖੰਨਾ
ਰੈਣ ਸਬਾਈ ਕੀਰਤਨ
14 ਅਕਤੂਬਰ 2023 ਸ਼ਾਮ 6:00 ਵਜੇ ਤੋਂ 15 ਅਕਤੂਬਰ 2023 ਸਵੇਰੇ 4:00 ਵਜੇ ਤੱਕ
ਗੁ: ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਮਲੇਰਕੋਟਲਾ ਰੋਡ, ਖੰਨਾ
ਅੰਮ੍ਰਿਤ ਸੰਚਾਰ
14 ਅਕਤੂਬਰ 2023, ਸ਼ਨਿੱਚਰਵਾਰ ਸ਼ਾਮ : 7 ਵਜੇ ਆਰੰਭ ਹੋਣਗੇ
ਗੁ: ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਮਲੇਰਕੋਟਲਾ ਰੋਡ, ਖੰਨਾ
LIVE
BROADCAST
AKJ.ORG
AKHAND KIRTANI JATHA
For More Info
98152-00024
93566-61313
@akj_khanna
Akhand
Kirtani
Jatha
Khanna

## ਗੁਰਦੁਆਰਾ ਸ੍ਰੀ ਕੋਠਾ ਸਾਹਿਬ ਪਿੰਡ ਵੱਲਾ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਖਾਲਸਾ ਕੈਂਪ














ਭਾਈ ਜੋਰਾਵਰ ਸਿੰਘ (ਮੁੱਖੀ) ਸਿੱਖ ਰਿਲੀਫ ਐਜੂਕੇਸ਼ਨ ਪ੍ਰੋਜੈਕਟ (ਪੰਜਾਬ) ਦੇ ਵਿਸ਼ੇਸ਼ ਸਹਿਯੋਗ ਨਾਲ ਗੁ. ਸ੍ਰੀ ਕੋਠਾ ਸਾਹਿਬ ਪਿੰਡ ਵੱਲਾ ਵਿਖ ਖਾਲਸਾ ਕੈਂਪ ਲਗਾਇਆ ਗਿਆ। ਜਿਸ ਵਿੱਚ ਬੱਚਿਆਂ ਨਾਲ ਗੁਰਮਤਿ, ਗੁਰਸਿੱਖੀ, ਗੁਰਬਾਣੀ ਦੀਆਂ ਵਿਚਾਰਾਂ ਕੀਤੀਆਂ ਗਈਆਂ। ਖਾਲਸਾ ਕੈਂਪ ਵਿੱਚ ਦਸਤਾਰ ਮੁਕਾਬਲੇ, ਦੁਮਾਲਾ ਮੁਕਾਬਲੇ ਅਤੇ ਸਿੱਖ ਇਤਿਹਾਸ ਵਿੱਚੋਂ ਪ੍ਰਸ਼ਨ ਉੱਤਰ ਮੁਕਾਬਲੇ ਕਰਵਾਏ ਗਏ। ਇਸ ਕੈਂਪ ਵਿੱਚ ਵੱਧ ਬਾਣੀ ਕੰਠ ਕਰਨ ਵਾਲੇ ਬੱਚਿਆਂ ਨੂੰ ਵਿਸ਼ੇਸ਼ ਇਨਾਮ ਦਿੱਤੇ ਗਏ। ਬੱਚਿਆਂ ਨੂੰ ਗੁਰਮਤਿ ਦੇ ਮਾਰਗ ਤੇ ਚਲਣ ਦਾ ਰਸਤਾ ਦਸਿਆ। ਅਖੰਡ ਕੀਰਤਨੀ ਜੱਥੇ ਦੀ ਮੈਗਜ਼ੀਨ 'ਆਤਮ ਰੰਗ' ਦੇ ਮੁੱਖ ਸੰਪਾਦਕ ਵੱਲੋਂ ਕੈਂਪ ਵਿੱਚ ਵਿਸ਼ੇਸ਼ ਤੌਰ ਤੇ ਬੱਚਿਆਂ ਨੂੰ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀਆਂ ਪੁੱਸਤਕਾਂ ਤੇ ਲਿਟਰੇਚਰ ਫਰੀ ਵੰਡਿਆ ਗਿਆ। ਕੈਂਪ ਵਿੱਚ ਵਿਸ਼ੇਸ਼ ਤੌਰ ਤੇ ਪੁੱਜੇ ਸਾਰੇ ਮੈਂਬਰਾਂ ਨੂੰ ਸਨਮਾਨਿਤ ਵੀ ਕੀਤਾ ਗਿਆ।

## ਹਰਿ ਦਿਨੁ ਰੈਨਿ ਕੀਰਤਨੁ ਗਾਈਐ ॥








ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਤਿਕਾਰਯੋਗ ਬਾਬਾ ਅਜੀਤ ਸਿੰਘ ਜੀ, ਨੱਥਮਲਪੁਰ ਵਾਲਿਆਂ ਦੀ ਮਿੱਠੀ ਤੇ ਪਿਆਰੀ ਯਾਦ ਵਿੱਚ ਸਲਾਨਾ ਅਖੰਡ ਕੀਰਤਨ ਸਮਾਗਮ ਮਿਤੀ 24.08.2023 ਨੂੰ ਪਿੰਡ ਨੱਥਮਲਪੁਰ, ਜਿਲਾ ਰੋਪੜ ਵਿਖੇ ਅਖੰਡ ਕੀਰਤਨੀ ਜੱਥਾ (ਰਜਿ.) ਚੰਡੀਗੜ੍ਹ ਵੱਲੋਂ ਕਰਵਾਇਆ ਗਿਆ। ਸੰਗਤਾਂ ਨੇ ਹੁੰਮ-ਹੁਮਾ ਕੇ ਕੀਰਤਨ ਦੀਆਂ ਹਾਜਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਪ੍ਰਾਪਤ ਕੀਤੇ।ਇਸ ਅਵਸਰ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ।

Registered with the Registrar
of News Papers of India
Regd. No. R-70727/99

# ATAM RANG
## Ocotober
## 2023

Postal Regd. No.
CHDG/0025/2021-23

**ਗੁਰਬਾਣੀ ਗਾਵਹੁ ਭਾਈ ॥ ਓਹ ਸਫਲ ਸਦਾ ਸੁਖਦਾਈ ॥**













Design & Print: Jai Offset Printers 0172-4616905

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਲਾਨਾ ਅਖੰਡ ਕੀਰਤਨ ਸਮਾਗਮ, ਅਖੰਡ ਕੀਰਤਨੀ ਜੱਥਾ (ਰਜਿ.) ਚੰਡੀਗੜ੍ਹ ਵੱਲੋਂ ਅਖੰਡ ਕੀਰਤਨੀ ਜੱਥੇ ਦੀ ਪਿੰਜੋਰ ਦੀ ਸੰਗਤ ਦੇ ਸਹਿਯੋਗ ਨਾਲ ਮਿਤੀ 27 ਅਗਸਤ 2023 ਨੂੰ ਗੁਰਦੁਆਰਾ ਮੰਜੀ ਸਾਹਿਬ, ਪਹਿਲੀ ਪਾਤਸ਼ਾਹੀ ਪਿੰਜੋਰ ਵਿੱਖੇ ਕਰਵਾਈਆ ਗਿਆ। ਸੰਗਤਾਂ ਨੇ ਹੁੰਮ-ਹੁਮਾ ਕੇ ਕੀਰਤਨ ਦੀਆਂ ਹਾਜਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਪ੍ਰਾਪਤ ਕੀਤੇ। ਇਸ ਅਵਸਰ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ। ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਤੇ ਗੁਰੂ ਘਰ ਦੀਆਂ ਖੁਸ਼ੀਆਂ ਲਈਆਂ।